੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਮਹਿਮਾ ਭੈਣੀ ਸਾਹਿਬ ਦੀ



## ਪ੍ਰੀਤਮ ਸਿੰਘ ਕਵੀ

Namdhari Elibrary NamdhariElibrary@gmail.com



ਪ੍ਰਕਾਸ਼ ਅਸਥਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਿੰਡ ਰਾਈਆਂ

Namdhari Elibrary NamdhariElibrary@gmail.com

# ਇਹ ਪੁਸਤਕ

ਸ੍ਰੀ ਭੈਣੀ ਸਾਹਿਬ ਦੀ ਧਰਤੀ ਨੂੰ ਇਹ ਮਾਣ ਹੈ ਕਿ ਇਹ ਮਹਾਨ ਸਤਿਗੁਰੂ ਸਾਹਿਬਾਨ ਦੀ ਜਨਮ ਭੂਮੀ ਅਤੇ ਕਰਮ ਭੂਮੀ ਹੈ। ਲੱਖਾਂ ਸ਼ਰਧਾਲੂ ਇਸ ਧਰਤੀ ਦੀ ਯਾਤਰਾ ਨੂੰ ਆਉਂਦੇ ਹਨ। ਇਥੋਂ ਦਾ ਚੱਪਾ ਚੱਪਾ ਕੁਰਬਾਨੀ, ਤਿਆਗ, ਸਿਮਰਨ ਅਤੇ ਆਜ਼ਾਦੀ ਦੀਆਂ ਰਿਸ਼ਮਾਂ ਨਾਲ ਨੂਰੋ-ਨੂਰ ਹੈ। ਇਸ ਵਾਸਤੇ ਇਥੋਂ ਦੇ ਪਾਵਨ ਅਸਥਾਨਾਂ ਬਾਰੇ ਜਾਣਕਾਰੀ ਦੀ ਮੰਗ ਸਦਾ ਹੀ ਬਣੀ ਰਹੀ ਹੈ।

ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੇ ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਭੈਣੀ ਸਾਹਿਬ ਨਾਲ ਪੁਰਾਣੇ ਸੰਬੰਧ ਹਨ। ਉਹਨਾਂ ਕੋਲ ਵੇਖਣ ਘੋਖਣ ਅਤੇ ਪੇਸ਼ ਕਰਨ ਦੀ ਅਮੁਲੀ ਕਲਾ ਵੀ ਹੈ। ਵਿਦਿਅਕ ਜਥੇ ਦੀ ਬੇਨਤੀ ਤੇ ਉਹਨਾਂ ਇਹ ਲੇਖ ਲਿਖਿਆ ਸੀ ਜੋ ਆਪ ਦੇ ਹੱਥਾਂ ਵਿਚ ਹੈ। ਅਸੀਂ ਕਵੀ ਜੀ ਦੇ ਦਿਲੋਂ ਧੰਨਵਾਦੀ ਹਾਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਸ੍ਰੀ ਭੈਣੀ ਸਾਹਿਬ ਦੇ ਵਿਕਾਸ ਦਾ ਸੁਨਹਿਰੀ ਯੁਗ ਹੈ। ਇਸ ਕਿਤਾਬਚੇ ਦੇ ਲਿਖਦਿਆਂ ਅਤੇ ਦੇਰੀ ਨਾਲ ਛਪਦਿਆਂ ਅਨੇਕਾਂ ਤਬਦੀਲੀਆਂ ਵਾਪਰ ਗਈਆਂ ਹਨ। ਤਸਵੀਰਾਂ ਬਦਲ ਗਈਆਂ ਹਨ। ਫਿਰ ਵੀ ਬਹੁਮੁਲੀ ਜਾਣਕਾਰੀ ਇਸ ਵਿਚੋਂ ਮਿਲੇਗੀ।

ਸਾਧ ਸੰਗਤ ਦੀ ਸੇਵਾ ਵਿਚ ਇਹ ਪੁਸਤਕ ਭੇਟ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀਆਂ ਅਨੰਤ ਬਖਸ਼ਿਸ਼ਾਂ ਅੱਗੇ ਸਿਰ ਝੁਕਦਾ ਹੈ।

**ਦਲੀਪ ਸਿੰਘ ਪ੍ਰਧਾਨ** — **ਅਜੀਤ ਸਿੰਘ ਸਕੱਤਰ**

**ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ**

**ਸ੍ਰੀ ਭੈਣੀ ਸਾਹਿਬ**

Namdhari Elibrary NamdhariElibrary@gmail.com

MEHMA BHAINI SABHIB DI (Punjabi)

by Pritam Singh 'Kavi'

ਮਹਿਮਾ ਭੈਣੀ ਸਾਹਿਬ ਦੀ

ਲੇਖਕ : ਪ੍ਰੀਤਮ ਸਿੰਘ 'ਕਵੀ'

ਪ੍ਰਕਾਸ਼ਕ : ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ

ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ ਛਪਣ ਦੀ ਗਿਣਤੀ : ੨੦੦੦

ਛਪਣ ਸਾਲ : ੧੯੯੪

ਟਾਈਟਲ : ਸੁਖਵੰਤ

ਛਾਪਕ : ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com




ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail com

# ਸ੍ਰੀ ਭੈਣੀ ਸਾਹਿਬ

## ਮਹਿਮਾ ਭੈਣੀ ਸਾਹਿਬ ਦੀ

ਸ੍ਰੀ ਭੈਣੀ ਸਾਹਿਬ ਦੀ ਮਹਾ ਪੁਨੀਤ ਧਰਤੀ ਦਾ ਧਿਆਨ ਕੀਤਿਆਂ ਹੀ ਸ਼ਰਧਾ, ਸਤਿਕਾਰ, ਸੇਵਾ, ਸਨੇਹ ਅਤੇ ਸੁਹਿਰਦਤਾ ਦੇ ਭਾਵ ਉਪਜਦੇ ਹਨ। ਇਸ ਧਰਤੀ ਦਾ ਕਣ-ਕਣ ਚੁੰਮਣ ਅਤੇ ਹਿਰਦੇ ਨੂੰ ਛੁਹਾਣ ਵਾਲਾ ਹੈ। ਏਥੇ ਸਾਡੇ ਮਨ ਮਸਤਕ ਦੇ ਸੁਆਮੀ ਸਤਿਗੁਰੂਆਂ ਦਾ ਪਦਾਰਪਣ ਹੁੰਦਾ ਰਿਹਾ। ਏਥੇ ਉਨ੍ਹਾਂ ਦਾ ਬਾਲ, ਪ੍ਰੌਢ ਅਤੇ ਸਤਿਕਾਰਤ ਬਿਰਧਤਾ ਦਾ ਸਮਾ ਰੂਪਮਾਨ ਹੋਇਆ। ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਾਡੇ ਦਿਲਾਂ ਦੇ ਮਾਲਿਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਚਰਨ ਛੁਹ ਨੇ ਏਥੋਂ ਦੀ ਰਜ ਨੂੰ ਮੱਥੇ ਤੇ ਲਾਉਣ ਵਾਲੇ ਤਿਲਕ ਦੀ ਮਾਨਤਾ ਦਾ ਸੁਭਾਗ ਬਖ਼ਸ਼ ਦਿਤਾ ਹੈ। ਇਸ ਧਰਤੀ ਅਤੇ ਇਸਦੇ ਵਾਤਾਵਰਣ ਨੇ ਡੇਢ ਸਦੀ ਦੇ ਰਾਜਸੀ, ਸਮਾਜਿਕ ਅਤੇ ਧਾਰਮਿਕ ਹਾਲਾਤ ਨੂੰ ਸਿਰਜਿਆ ਵੀ ਅਤੇ ਆਤਮਸਾਤ ਵੀ ਕੀਤਾ ਅਤੇ ਇਹ ਉਹਨਾਂ ਤਬਦੀਲੀਆਂ ਦੇ ਹਸਤਾਖਰ ਹਨ ਜੁ ਦੇਸ਼ ਅਤੇ ਦੁਨੀਆਂ ਵਿਚ ਵਾਪਰਦੇ ਰਹੇ, ਜਿਨ੍ਹਾਂ ਨੇ ਏਥੇ ਹੀ ਜਨਮ ਲੈ ਕੇ ਭਾਰਤ ਦੀ ਸੁਤੰਤਰਤਾ ਦੀ ਗਾਥਾ ਦਾ ਊੜਾ-ਐੜਾ ਲਿਖਿਆ।

ਫੇਰ ਪੁੱਛੋ, ਤਾਂ ਭੈਣੀ ਸਾਹਿਬ ਦੀ ਮਹਾਪਾਵਨ ਧਰਤੀ ਬੀਤੇ ਜੁਗਾਂ ਦੀ ਪ੍ਰਤਖ ਦਰਸ਼ੀ ਹੈ, ਜਿਨ੍ਹਾਂ ਅਨੁਸਾਰ ਸਤਿਲੁਜ ਦੇ ਕਿਨਾਰੇ ਰਿਸ਼ੀਆਂ ਮੁਨੀਆਂ ਦੇ ਆਸ਼ਰਮ ਸਨ, ਵੇਦ, ਪੁਰਾਣਾਂ ਆਦਿ ਮਹਾਂ ਗ੍ਰੰਥਾਂ ਦੀ ਰਚਨਾ ਸੀ। ਰਾਮ ਲਕਸ਼ਮਣ ਜੀ ਦੀ ਤਪੋਭੂਮੀ ਦੀ ਗਵਾਹੀ ਏਥੋਂ ਹੀ ਤਾਂ ਢਲਾਹੀ ਥੱਲਿਓਂ ਥਿੰਧੇ ਕੋਲਿਆਂ ਦਾ ਹਵਨ ਕੁੰਡ ਪ੍ਰਾਪਤ ਕਰਕੇ ਦਿਤੀ ਗਈ। ਜਿਸ ਦੀ ਸੁੱਚੀ ਸਾਧਨਾ ਅੱਜ ਦਾ ਮਹਾਨ ਅਤੇ ਸਜੀਵ ਤੀਰਥ ਸ੍ਰੀ ਰਾਮ ਸਰੋਵਰ ਹੈ। ਇਸੇ ਪਤਿਤ ਪਾਵਨੀ ਧਰਤੀ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਇਸ ਦੇ ਉਤਦੀ ਉਡਦੇ ਲੰਘਦੇ ਪੰਛੀ ਮੁਕਤੀ ਦੇ ਹੱਕਦਾਰ ਮੰਨੇ ਜਾਂਦੇ ਹਨ।

ਕਹਿੰਦੇ ਹਨ ਪੰਜਾਬ ਦੀ ਧਰਤੀ ਪੁਰਾਣੇ ਭਾਰਤ ਦੀ ਮਹਾਨ ਸ਼ੋਭਾ ਰਹੀ ਹੈ। ਅੱਜ ਦੇ ਭਾਰਤ ਦੀ ਵੀ ਇਹੋ ਕਲਿਆਣ ਕਰਤਾ ਹੈ। ਇਥੋਂ ਦੇ ਇਕ ਤ੍ਰਿਕਾਲ ਦਰਸ਼ੀ ਕਿਰਤੀ ਨੇ ਅੰਗਰੇਜ਼ ਦੀ ਮਹਾ ਜਕੜ ਤੋਂ ਛੁਟਕਾਰੇ ਦਾ ਅਮੋਘ ਅਸਤਰ ਦਿਤਾ ਸੀ 'ਬਾਈਕਾਟ', ਨਾ-ਮਿਲਵਰਤਣ ਅਤੇ ਸੁਦੇਸ਼ੀ ਦੀ ਵਰਤੋਂ, ਜਿਸਨੂੰ ੫੦ ਸਾਲ ਪਿਛੋਂ ਜਾ ਕੇ ਭਾਰਤ ਦੀ ਸੁਤੰਤਰਤਾ ਹਿਤ ਗਾਂਧੀ ਜੀ ਨੇ ਵੀ ਅਪਣਾਇਆ ਅਤੇ ਏਥੋਂ ਦੇ ਹੀ ਜੋਧੇ ਕਿਸਾਨਾਂ ਨੇ ਭਾਰਤ ਦੀ ਭੁਖ, ਨੰਗ ਅਤੇ ਹਰ ਤਰ੍ਹਾਂ ਦੀ ਕੰਗਾਲੀ ਦੇ ਖ਼ਿਲਾਫ਼ ਜਹਾਦ ਛੇੜਿਆ ਹੋਇਆ ਹੈ। ਜਿਸ ਮੁਖ ਸ਼ਹਿਰ ਲੁਧਿਆਣਾ ਵਿਚ, ਪੰਜਾਬੀ ਕਿਸਾਨੀ ਦੀ ਅਗਵਾਈ ਕਰਦੀ ਅੱਜ ਖੇਤੀ ਬਾੜੀ ਯੂਨੀਵਰ-



Namdhari Elibrary NamdhariElibrary@gmail.com

ਸਿਟੀ ਪੰਜਾਬ ਹੈ, ਇਸੇ ਸ਼ਹਿਰੋਂ ਕੇਵਲ ੨੬ ਕਿਲੋਮੀਟਰ ਦੇ, ਚੰਡੀਗੜ੍ਹ ਵੱਲ ਦੇ, ਫਾਸਲੇ ਤੇ ਇਹ ਸੁਤੰਤਰਤਾ ਦੀ ਅਗਵਾਨੂੰ ਧਰਤੀ ਸ੍ਰੀ ਭੈਣੀ ਸਾਹਿਬ ਹੈ, ਜਿਹੜੀ ਦੇਸ਼ ਭਗਤਾਂ, ਪ੍ਰਭੂ ਪ੍ਰੇਮੀਆਂ ਅਤੇ ਮਾਨਵ ਸੇਵੀਆਂ ਦਾ ਮਹਾਨ ਤੀਰਥ ਹੈ।

ਅੱਜ ਪੰਜਾਂ ਹੀ ਮਹਾਂਦੀਪਾਂ ਵਿਚ ਸ੍ਰੀ ਭੈਣੀ ਸਾਹਿਬ ਨੂੰ ਨਮਸਕਾਰ ਕਰਨ ਵਾਲੇ ਲੋਕ ਮੌਜੂਦ ਹਨ ਅਤੇ ਸੁਖ ਸ਼ਾਂਤੀ ਦੀ ਕਾਮਨਾ ਨਾਲ ਭਰੇ ਹਿਰਦਿਆ ਨਾਲ ਏਧਰ ਨੂੰ ਤਕਦੇ ਹਨ।

ਸ੍ਰੀ ਭੈਣੀ ਸਾਹਿਬ ਉਸ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਹੈ ਜਿਸ ਦੇ ਸ਼ਾਨਾਂ ਮੱਤੇ ਚਰਿੱਤਰ ਨੇ ਉਨ੍ਹਾਂ ਨੂੰ ਭਾਈ, ਬਾਬਾ, ਗੁਰੂ ਅਤੇ ਸਤਿਗੁਰੂ ਤਕ ਦੇ ਪਾਵਨ ਸ਼ਬਦਾਂ ਨਾਲ ਸਨਮਾਨ ਦਿਵਾ ਦਿਤਾ।

ਮੈਨੂੰ ਕਈ ਵਾਰ ਸੰਦੇਹ ਉਪਜਦਾ ਹੈ ਜੁ ਅਸੀਂ ਆਪਣੇ ਬਹੁਤ ਜਤਨਾਂ ਬਾਅਦ ਵੀ ਨਾ ਤੇ ਸਿਖ ਜਗਤ ਵਿਚ ਉਨ੍ਹਾਂ ਦਾ ਬਣਦਾ ਸਨਮਾਨ ਦਿਵਾ ਸਕੇ ਹਾਂ ਅਤੇ ਨਾ ਹੀ ਰਾਜਨੀਤਿਕ ਮੰਚ ਉਤੇ ਉਨ੍ਹਾਂ ਦੀ ਪ੍ਰਤਿਮਾ ਅਤੇ ਪ੍ਰਤਿਭਾ ਸਥਾਪਤ ਕਰ ਸਕੇ ਹਾਂ। ਉਹਨਾਂ ਦੀ ਕਰਮ ਭੂਮੀ ਭੈਣੀ ਸਾਹਿਬ ਨੂੰ ਵੀ ਲੁੜੀਂਦੀਆਂ ਤੀਰਥ-ਸਹੂਲਤਾਂ ਨਹੀਂ ਲੈ ਕੇ ਦੇ ਸਕੇ।

ਨਾਮਧਾਰੀ ਵਿਦਿਅਕ ਜਥੇ ਦਾ ਇਹ ਸਰਬ ਹਿੰਦ ਇਕੱਠ ਅਤੇ ਇਸ ਦੇ ਸੰਯੋਜਕ ਵਧਾਈ ਦੇ ਪਾਤਰ ਅਤੇ ਪ੍ਰਸੰਸਾ ਦੇ ਹੱਕਦਾਰ ਹਨ, ਜਿਨ੍ਹਾਂ ਵਕਤਾ ਅਤੇ ਸਰੋਤਿਆਂ ਦਾ ਇਸ ਅਤਿ ਜ਼ਰੂਰੀ ਵਿਸ਼ੇ ਵਲ ਧਿਆਨ ਕੇਂਦਰਤ ਕੀਤਾ।

ਇਸ ਤੋਂ ਪਹਿਲਾਂ ਕਿ ਸ੍ਰੀ ਭੈਣੀ ਸਾਹਿਬ ਦੀ ਉਣਤਰ-ਬਣਤਰ ਵਲ ਅਸੀਂ ਗੰਭੀਰਤਾ ਨਾਲ ਉਤਰੀਏ ਮੈਨੂੰ ਲੋਭ ਹੈ ਕਿ ਮੈਂ ਦੇਸ਼ ਦੇ ਕੁਛ ਚੂੰਣਵੇਂ ਵਿਅਕਤੀਆਂ ਦੀ ਭੈਣੀ ਸਾਹਿਬ ਪ੍ਰਤੀ ਅਕੀਦਤ ਪੇਸ਼ ਕਰਾਂ।

ਪਰਮ ਸਾਤਵਿਕ, ਪ੍ਰਸਿਧ ਦੇਸ਼ ਭਗਤ, ਗਾਂਧੀਵਾਦੀ, ਉਚਕੋਟੀ ਦੇ ਵਿਦਵਾਨ ਕਾਕਾ ਕਾਲੇਲਕਰ ਜੀ ਨੇ ਜੁ ਉਹਨੀਂ ਦਿਨੀਂ ਭਾਰਤ ਸਰਕਾਰ ਵਲੋਂ ਪਛੜੀਆਂ ਜਾਤੀਆਂ ਦੇ ਕਮਿਸ਼ਨ ਦੇ ਪ੍ਰਧਾਨ ਸਨ, ਨੇ ਲਿਖਿਆ ਹੈ:

> "ਨਾਮਧਾਰੀ ਸੰਪਰਦਾਇ ਵਲ ਮੇਰਾ ਧਿਆਨ ਵਧਦਾ ਚਲਾ ਗਿਆ। ਨਾਮਧਾਰੀ ਸੰਪਰਦਾਇ ਆਮ ਜਨਤਾ ਵਿਚ ਫੈਲਿਆ ਹੋਇਆ ਹੈ। ਇਹ ਵੀ ਮੇਰੇ ਲਈ ਵਿਸ਼ੇਸ਼ ਖਿੱਚ ਸੀ। ਮਨ ਵਿਚ ਬਾਰ ਬਾਰ ਆਉਂਦਾ ਕਿ ਜਿਥੇ ਨਾਮਧਾਰੀਆਂ ਦੀ ਗੱਦੀ ਹੈ ਉਸ 'ਭੈਣੀ ਸਾਹਿਬ' ਦੀ ਇਕ ਵਾਰ ਯਾਤਰਾ ਕਰਾਂ।...
>
> "ਸਾਲ ੧੯੫੩-੫੪ ਦੇ ਦਿਨਾਂ ਵਿਚ ਮੈਂ ਸੁਤੰਤਰ ਭਾਰਤ ਦੇ ਪਛੜੇ ਹੋਏ ਹਿਸਿਆਂ ਦਾ ਦਰਸ਼ਨ ਕੀਤਾ। ੫ ਜੁਲਾਈ ੧੯੫੫ ਵਾਲੇ ਦਿਨ ਮੈਂ ਚੰਡੀਗੜ੍ਹ ਤੋਂ ਭੈਣੀ ਸਾਹਿਬ ਪੁੱਜਾ। (ਲੋਕ ਸਭਾ ਦੇ ਮੇਰੇ ਸਾਥੀ ਆਤਮਾ ਸਿੰਘ ਨਾਮਧਾਰੀ ਜੀ ਨੂੰ ਮੈਂ ਜਾਣਦਾ ਸਾਂ।) ਭਾਰਤ ਦੇ ਅਨੇਕ ਪਵਿਤਰ ਅਸਥਾਨਾਂ ਦੀ ਯਾਤਰਾ ਮੈਂ ਕੀਤੀ ਹੈ। ਭਗਤੀ ਨਾਲ ਕੀਤੀ ਹੈ, ਪਰ ਹਰ ਥਾਂ ਤੇ ਭਗਵਾਨ ਦੀ ਥਾਂ, ਪੰਡਤਾਂ ਅਤੇ ਪਰੋਹਤਾਂ ਦੇ ਹੀ ਦਰਸ਼ਨ ਹੁੰਦੇ ਸਨ। ਭੈਣੀ ਸਾਹਿਬ ਵਿਚ ਅਜਿਹੀ ਮਾਯੂਸੀ ਨਹੀਂ ਹੋਈ। ਓਥੇ ਤਾਂ ਭਗਤਾਂ ਕਿਸਾਨਾਂ ਦਾ ਹੀ ਵਾਯੂ ਮੰਡਲ ਸੀ। ਅਸੀਂ ਘੁੰਮ ਕੇ ਸਾਰਾ ਪਿੰਡ ਵੇਖਿਆ। ਗੁਰੂ ਰਾਮ ਸਿੰਘ ਜੀ ਦਾ ਧਿਆਨ ਮੰਡਪ ਵੇਖਿਆ, ਰਹਿਣ ਦੀ ਥਾਂ ਵੇਖੀ। ਉਸ ਥਾਂ ਦੇ ਲੰਗਰ ਦੀ ਤਾਂ ਕੋਈ ਤੁਲਨਾ ਹੀ ਨਹੀਂ, ਉਹ ਲੰਗਰ ਵੀ ਵੇਖਿਆ।
>
> "ਓਥੇ ਮੈਨੂੰ ਪਰਮ ਸੰਤੋਖ ਹੋਇਆ ਜਦੋਂ ਮੈਂ ਉਤਮ ਸੰਗੀਤ ਨਾਲ ਗਾਏ ਹੋਏ



Namdhari Elibrary NamdhariElibrary@gmail.com

ਸ਼ਬਦ ਸੁਣੇ।"...*

ਇੰਜ ਹੀ ਕੇਂਦਰੀ ਸਰਕਾਰ ਵਿਚ ਖ਼ੁਰਾਕ ਮੰਤਰੀ, ਉੱਤਮ ਨਾਵਲਕਾਰ, ਗਾਂਧੀਵਾਦੀ ਅਤੇ ਭਾਰਤੀ ਵਿਦਿਆ ਭਵਨ ਦਿੱਲੀ ਦੇ ਆਰੰਭਕ ਕੇ. ਐਮ. ਮੁਨਸ਼ੀ ਵੀ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਤੇ ਗਏ। ਉਹਨਾਂ ਦੇ ਸ਼ਬਦ :

"...ਇਹ ਵੇਦਾਂ ਦੇ ਸਮੇਂ ਦਾ ਅਗਸਤ ਰਿਸ਼ੀ ਦਾ ਆਸ਼ਰਮ ਸੀ।...ਇਸਨੂੰ ਤਕ ਮੈਂ ਨਿਸਚਾ ਨਹੀਂ ਕਰ ਸਕਦਾ ਕਿ ਇਹ ਇਕਾਂਤ ਜਗਹ ਜਿਸ ਦੇ ਉੱਤੇ ਇਕ ਵੈਦਿਕ ਰਾਤ ਸੁੰਦਰਤਾ ਦਾ ਉਤਾਰਾ ਹੋਇਆ ਹੈ, ਵੀਹਵੀਂ ਸਦੀ ਦੇ ਪੰਜਾਬ ਦੇ ਕਿਸੇ ਪਿੰਡ ਵੀ ਪਾਈ ਜਾ ਸਕਦੀ ਹੋਵੇ।"**

ਪ੍ਰਸਿੱਧ ਚਿੰਤਕ ਅਤੇ ਪੰਜਾਬੀ ਦੇਸ਼ ਭਗਤ ਡਾ: ਸਰ ਗੋਕਲ ਚੰਦ ਨਾਰੰਗ ਨੇ ਲਿਖਿਆ :

"ਸ੍ਰੀ ਭੈਣੀ ਸਾਹਿਬ ਜਾ ਕੇ ਮੇਰਾ ਚਿੱਤ ਇਤਨਾ ਪ੍ਰਸੰਨ ਹੋਇਆ ਕਿ ਉੱਥੋਂ ਆਉਣ ਤੇ ਜੀ ਨਹੀਂ ਸੀ ਕਰਦਾ।"***

ਇਕ ਹੋਰ ਵਿਦਵਾਨ ਤੇ ਪੰਜਾਬੀ ਦੇ ਸੁਲੇਖਕ ਸ੍ਰੀ ਗੁਰਾਂਦਿਤਾ ਖੰਨਾ ਸਨ। ਉਹਨਾਂ "ਕੂਕਾ ਵਿਦਰੋਹ" ਨਾਮੀ ਆਪਣੀ ਛੰਦ ਬੱਧ ਰਚਨਾਂ ਵਿਚ ਸ੍ਰੀ ਭੈਣੀ ਸਾਹਿਬ ਦੀ ਇਹ ਤਸਵੀਰ ਖਿੱਚੀ ਹੈ :

ਭੈਣੀ ਪਿੰਡ, ਜ਼ਿਲਾ ਲੁਧਿਆਣੇ ਵਿਚ ਸੀ ਪਿੰਡ ਅਣੋਖਾ;
ਭਾਵੇਂ ਸੀ ਨਿੱਕਾ ਹੀ, ਤਾਂ ਵੀ ਮਾਨ ਬੜਾ ਸੀ ਚੋਖਾ।
ਜ਼ਿਮੀਦਾਰ, ਸ਼ਾਹੂਕਾਰ, ਮੁਜ਼ਾਰੇ, ਸਾਰੇ ਮਿਲ ਕੇ ਵੱਸਣ;
ਕਰਕੇ ਮਿਹਨਤ, ਰਜ ਰਜ ਖਾਵਣ, ਮੌਜ ਉਡਾਵਣ, ਹੱਸਣ।...
ਘੋਰ ਕਲੂ ਦੇ ਜੁਗ ਵਿਚ ਇਹ ਸੀ, ਸਵਰਗ ਧਰਤ ਦਾ ਬਣਿਆ;
ਖੁਸ਼ੀਆਂ ਖੁਸ਼ਬੋਆਂ ਦਾ ਰਚਿਆ, ਕੁਦਰਤ ਕੁਖੋਂ ਜਣਿਆਂ।**

ਸ੍ਰੀ ਭੈਣੀ ਸਾਹਿਬ ਬਾਰੇ ਗੁਰੂ ਹਰੀ ਸਿੰਘ ਜੀ ਦੇ ਸਮਕਾਲੀ ਕਵੀਆ ਦੀਆਂ ਵੀ ਚਾਰ-ਚਾਰ ਤੁਕਾਂ ਦਿੰਦਾ ਹਾਂ ਤਾਂ ਕਿ ਜਨ ਮਾਨਸ ਦੀ ਇਸ ਸੰਬੰਧ ਵਿਚ ਭਾਵਨਾ ਅਤੇ ਇਹਦੀਆਂ ਸਰਗਰਮੀਆਂ ਬਾਬਤ ਕੁਛ ਗਿਆਨ ਹੋ ਸਕੇ। ਨੰਗਲ ਕਲਾਂ (ਲੁਧਿਆਣਾ) ਵਾਲੇ ਗਿਆਨੀ ਕਾਹਲਾ ਸਿੰਘ ਜੀ ਨੇ 'ਕੂਕੇ ਸਿੰਘ ਤੇ ਅੰਗਰੇਜ਼ੀ ਰਾਜ' ਵਿਚ ਇੰਜ ਸਮਾ ਬੰਨ੍ਹਿਆ ਹੈ :

ਬਾਗੀ ਪੰਥ, ਸਿੰਘਾਂ ਨਾਮਧਾਰੀਆਂ ਦਾ,
ਕਹਨ ਲਗੇ ਫਰੰਗੀ ਨੇ ਤੰਗੀਆਂ ਫਿਰ।
ਭੈਣੀ ਸਾਹਿਬ ਕਿਲਾ ਬਾਗੀ ਕੂਕਿਆਂ ਦਾ,
ਪੁਲਿਸੀ ਪਹਿਰੇ ਨੇ ਲਾਏ ਫਰੰਗੀਆਂ ਫਿਰ।
ਜ਼ਿਲੇ ਜ਼ਿਲੇ ਤੇ ਪਿੰਡ ਪਿੰਡ ਨਾਮਧਾਰੀ,
ਬਾਲ ਬਿਰਧ ਤੇ ਲਾਉਣ ਪਾਬੰਦੀਆਂ ਫਿਰ।

---

* ਕੂਕਾ ਅੰਦੋਲਨ, ਕੁਝ ਚਣਵੇਂ ਲੇਖ, ਨਵਾਂ ਹਿੰਦੁਸਤਾਨ ਪ੍ਰਕਾਸ਼ਨ, ਨਵੀਂ ਦਿੱਲੀ, ਪੰਨਾ ੪-੫

** ਸ੍ਰੀ ਭੈਣੀ ਸਾਹਿਬ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ—ਪੰਨਾ ੫

*** ਕੂਕਾ ਵਿਦਰੋਹ, ਨਾਮਧਾਰੀ ਸਾਹਿਤ ਪ੍ਰਕਾਸ਼ਨ, ਸ੍ਰੀ ਜੀਵਨ ਨਗਰ—ਪੰਨਾ ੨੫-੨੭



Namdhari Elibrary NamdhariElibrary@gmail.com

ਗੁਰਦੁਆਰੇ ਨਾ ਸਿੰਘਾਂ ਨੂੰ ਜਾਣ ਦਿੰਦੇ,
ਬੰਦ ਕੀਤੇ ਦੀਵਾਨ ਕੁਢੰਗੀਆਂ ਫਿਰ । *

ਨਾਮਧਾਰੀ ਸਾਹਿਤਕਾਰਾਂ ਵਿਚ ਪਹਿਲੇ ਗਿਣੇ ਜਾਂਦੇ ਜਾਂ ਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਬਾਬਾ ਚੰਦਾ ਸਿੰਘ ਸੂਰਮਾ ਜੁ ਸਹਾਰਨ ਜ਼ਿਲਾ ਲਾਹੌਰ ਦਾ ਵਸਨੀਕ ਸੀ, ਉਸ ਦੇ ਰਚੇ ਬਾਰਾਂ ਮਾਹ ਕਦੇ ਹਰ ਨਾਮਧਾਰੀ ਦੀ ਜ਼ੁਬਾਨ ਤੇ ਸਨ, ਉਹਨਾਂ ਦੀ ਰਚਨਾ ਵੰਨਗੀ ਦੇ ਨਾਲ ਭੈਣੀ ਸਾਹਿਬ ਦੇ ਆਕਰਸ਼ਣ ਨੂੰ ਧਿਆਨ ਦਿਓ :

ਜਦ ਮੈਂ ਹੋਇ ਵਿਰਾਗਣ ਚੱਲੀ,
ਚਰਖੇ ਤੰਦ ਨ ਲਾਹੀ ਛੱਲੀ,
ਘਰ ਤੁੰ ਤੁਰ ਕੇ ਚਲੀ ਇਕੱਲੀ,
ਮੈਨੂੰ ਲੋਕ ਆਖਦੇ ਝੱਲੀ
ਕਿਸੇ ਦੀ ਗੱਲ ਨ ਲਗਦੀ ਭਲੀ,
ਮੈਂ ਬਲਿਹਾਰੀਆਂ ।

ਸਤਿਗੁਰ ਮੇਰਾ ਦੀਨ ਦਿਆਲ,
ਲੱਧਾ ਰਾਮ ਦਾਸ ਪੁਰ ਭਾਲ,
ਦੇ ਕੇ ਸ਼ਬਦ ਉਹ ਕਰੇ ਨਿਹਾਲ,
ਕੱਟੇ ਜਨਮ ਮਰਨ ਦੇ ਨਾਲ,
ਮੈਂ ਸਤਿਗੁਰ ਤਾਰੀਆਂ ।**

### ਭੈਣੀ ਭੂੰਦੜ

ਏਡੀ ਸ਼ੋਭਾ ਨਗਰੀ ਦੇ ਆਰੰਭ ਦੀ ਕਹਾਣੀ ਬਹੁਤ ਉਤਸ਼ਾਹ ਭਰੀ ਨਹੀਂ । ਭੈਣੀ ਸਾਹਿਬ ਦੇ ਇਤਿਹਾਸ ਬਾਰੇ ਜ਼ਿਕਰ ਛੁੰਹਦਿਆਂ ਸਰਬ ਪ੍ਰਥਮ ਮੈਂ ਉਨ੍ਹਾਂ ਹਾਲਾਤ ਨੂੰ ਲਵਾਂਗਾ ਜਿਸ ਦੇ ਅਧੀਨ ਇਹ ਵਜੂਦ ਵਿਚ ਆਇਆ ।

ਭੈਣੀ ਸਾਹਿਬੋਂ ਉੱਤਰ-ਪੱਛਮ ਦੀ ਦਿਸ਼ਾ ਵਲ ਸਵਾ ਡੇਢ ਕਿਲੋਮੀਟਰ ਦੇ ਫਾਸਲੇ ਤੇ ਇਕ ਨਗਰ ਹੈ ਰਾਈਆਂ । ਇਹੋ ਨਗਰ ਇਹਦਾ ਜਨਮ ਨਗਰ ਹੈ । ਭੈਣੀ ਸਾਹਿਬ ਦਾ ਵੀ ਅਤੇ ਇਸਦੇ ਸੁਆਮੀ ਸਤਿਗੁਰੂ ਰਾਮ ਸਿੰਘ ਜੀ ਦਾ ਵੀ । ਰਾਈਆਂ ਸ਼ਬਦ ਇਸੇ ਨਗਰ ਦੇ ਵਾਸੀ ਜ਼ਿਮੀਂਦਾਰਾਂ ਦੀ ਗੋਤ ਦਾ ਜ਼ਰਾ ਕੁ ਵਿਗੜਿਆ ਰੂਪ ਹੈ । ਜ਼ਿਮੀਂਦਾਰ 'ਰਾਇ' ਗੋਤ ਦੇ ਜੱਟ ਹਨ 'ਰਾਇਆ' ਰਤਾ ਕੁ ਫ਼ਰਕ ਨਾਲ ਰਾਈਆਂ ਹੋ ਗਿਆ ਹੈ ।

ਰਾਈਆਂ ਦੇ 'ਭੂੰਦੜ' ਨਾਮ ਦੇ ਜ਼ਿਮੀਂਦਾਰ ਨੇ ਆਪਣੀ ਜ਼ਮੀਨ ਕਾਫ਼ੀ ਦੂਰ ਹੋਣ ਕਰਕੇ, ਖੇਤਾਂ ਵਿਚ ਆ ਵਸੇਬਾ ਕੀਤਾ । ਇਸਦੇ ਨਾਲ ਦੇ ਖੇਤਾਂ ਵਾਲਿਆ ਦੀ ਸ਼ਰੀਕਾ ਬਰਾਦਰੀ ਤੇ

---

* ਕੂਕੇ ਸਿੰਘ ਤੇ ਅੰਗਰੇਜ਼ੀ ਰਾਜ, ਪ੍ਰਕਾਸ਼ਕ ਬਿਸ਼ਨ ਸਿੰਘ ਹਿਸਟੋਰੀਅਨ,
ਸ੍ਰੀ ਜੀਵਨ ਨਗਰ ਪੰਨਾ-੭

** ਚਾਰ ਇਤਿਹਾਸਕ ਬਾਰਾਂ ਮਾਹ
ਮੈਨੇਜਰ 'ਸਤਿਜੁਗ' ਸ੍ਰੀ ਜੀਵਨ ਨਗਰ (ਹਿਸਾਰ), ਪੰਨਾ ੧੩



Namdhari Elibrary NamdhariElibrary@gmail.com

ਖੇਤਾਂ ਦਾ ਲਾਗਾ ਹੋਣ ਕਰਕੇ, ਸ਼ਾਮਲਾਟ ਜਗਹ ਵੇਖਕੇ, ਕੋਠੇ ਮਨਲੇ ਪਾ, ਆਪਣੀ ਵੱਸੋਂ ਏਥੇ ਲੈ ਆਂਦੀ। ਅਰਥਾਤ 'ਰਾਈਆਂ' ਪਿੰਡ ਦੀ ਪੱਤੀ ਨੇ ਹੀ ਇਸ ਭੈਣੀ ਨੂੰ ਵਸਾਇਆ।

ਕੋਸ਼ਾਂ ਵਿਚ ਭੈਣੀ ਸ਼ਬਦ ਭੈਣ ਨਾਲ ਹੀ ਸੰਬੰਧਤ ਹੈ ਜਦੋਂ ਕਿ ਪੰਜਾਬ ਵਿਚ ਇਸੇ ਸ਼ਬਦ ਦੀ ਵਰਤੋਂ 'ਵਸੇਬੇ' ਦੇ ਥਾਵੇਂ ਕੀਤੀ ਗਈ ਹੈ। ਪੰਜਾਬ ਦੇ ਅਨੇਕਾਂ ਪਿੰਡ ਭੈਣੀ ਨਾਮ ਰਖਦੇ ਹਨ, ਪਰ ਨਾਲ ਵਿਸ਼ੇਸ਼ਣ ਜੋੜ ਕੇ ਉਨ੍ਹਾਂ ਨੂੰ ਵਖਰੇਵਾਂ ਦਿਤਾ ਜਾਂਦਾ ਹੈ, ਜਿਵੇਂ, ਭੈਣੀ ਮਰ੍ਹਾਜ, ਭੈਣੀ ਭੂੰਦੜ, ਭੈਣੀ ਆਲਾ ਅਤੇ ਭੈਣੀ ਕੁਕਿਆਂ।

ਜਦੋਂ ਭੂੰਦੜ ਨੇ ਖੇਤਾਂ ਵਿਚ ਆਪਣਾ ਘਰ ਵਸਾਅ ਲਿਆ ਤਾਂ ਹੋਰ ਹਾਲੀਆਂ-ਵਾਲੀਆਂ ਨੂੰ ਲੰਮਾ ਤੁਰਨ ਪਿਛੋਂ ਖੇਤਾਂ ਵਿਚ ਅਪੜਨਾ, ਘਰ ਵਾਲੀਆਂ ਦਾ ਦੂਰ ਖੇਤਾਂ ਵਿਚ ਭੱਤੇ ਵੇਲਾ, ਰੋਟੀ ਵੇਲਾ ਆਦਿ ਲੈ ਜਾਣਾ, ਪਸ਼ੂਆਂ ਨੂੰ ਚਾਰਨ ਲਈ ਦੁਰੇਡੇ ਲੈ ਜਾਣ ਦੀ ਥਾਂ ਖੁਰਲੀਉਂ ਖੋਲ੍ਹ ਨਾਲ ਦੇ ਖੇਤਾਂ ਵਿਚ ਹੀ ਚਾਰਨ ਲਗ ਪੈਣਾ ਆਦਿ ਸਹੂਲਤਾਂ ਨੇ ੨੫-੩੦ ਘਰ ਏਥੇ ਹੋਰ ਇਕੱਠੇ ਕਰ ਦਿਤੇ ਅਤੇ ਲੋਕ ਵਾਹਰੇ ਵਿਚ ਇਸ ਵਸੇਬੇ ਅਰਥਾਤ 'ਭੈਣੀ ਭੂੰਦੜ' ਦੇ ਨਾਮ ਦੀ ਪ੍ਰਸਿਧੀ ਹੋ ਗਈ। ਜਦੋਂ ਭੂੰਦੜ ਨੇ ਸੰਸਾਰ ਵਲੋਂ ਅੱਖਾਂ ਮੀਟ, ਪਰਲੋਕ ਪਿਆਨਾ ਕੀਤਾ ਤਾਂ ਆਪਣੇ ਬਜ਼ੁਰਗ ਦੀ ਯਾਦ ਸਦੀਵੀ ਬਣਾਈ ਰਖਣ ਲਈ, ਪਿੰਡ ਦੇ ਛੱਪੜ ਕੋਲ, ਲਹਿੰਦੇ ਪਾਸੇ, ਉੱਤਰ ਵਲ ਕਰਕੇ, ਉਹਦੀ ਮਮਟੀ ਬਣਾ ਦਿਤੀ ਗਈ।

**ਭੈਣੀ ਆਲਾ**

ਮੁਖੀਏ ਦੇ ਗੁਜ਼ਰ ਜਾਣ ਨਾਲ ਇਹ ਵਸੇਬਾ ਇਕ ਵਾਰ ਫੇਰ ਉੱਜੜ ਗਿਆ। ਇਹਦਾ ਇਕ ਕਾਰਨ ਇਹ ਵੀ ਸੀ ਕਿ ਹਾਲੇ ਫਾਲੇ, ਰੰਬੇ ਦਾਤਰੀਆਂ ਚੰਡਾਣ ਰਾਈਆਂ ਦੇ ਕਿਸੇ ਲੁਹਾਰ ਤਖਾਣ ਕੋਲ ਜਾਣਾ ਮਜਬੂਰੀ ਬਣੀ ਰਹੀ। ਜ਼ਿਮੀਂਦਾਰ ਪਿੰਡ ਰਾਈਆਂ ਦੇ ਆਪਣੇ ਘਰਾਂ ਵਿਚ ਚਲੇ ਗਏ।

ਸਮਾਂ ਪਾ ਕੇ ਫੇਰ ਇਕ ਜੱਟ ਨੇ ਪਹਿਲ ਕੀਤੀ, ਖੇਤਾਂ ਵਿਚ ਘਰ ਬਣਾਣ ਦੀ, ਜਾਂ ਕਹਿ ਲਓ, ਪਿਛਲਾ ਉਜੜਿਆ ਵਸੇਬਾ ਮੁੜ ਤੋਂ ਬਹਾਲ ਕਰਨ ਦੀ, ਇਸ ਜ਼ਿਮੀਦਾਰ ਦਾ ਨਾਂ ਸੀ ਆਲਾ। ਆਲੇ ਵਲ ਵੇਖ ਹੌਲੀ ਹੌਲੀ ਹੋਰ ਜੱਟ ਵੀ ਆ ਗਏ, ਅਤੇ ਦੁਬਾਰਾ ਵਸੀ ਇਸ ਨਗਰੀ ਦਾ ਨਾਂ ਹੋ ਗਿਆ "ਭੈਣੀ ਆਲਾ।"

ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਨੰਗਲ (ਲੁਧਿਆਣਾ) ਵਾਲਿਆਂ ਆਪਣੀ ਪੁਸਤਕ "ਬਾਗ਼ੀ ਕੂਕਾ" ਵਿਚ ਲਿਖਿਆ ਹੈ:

> "੧੪ ਮੀਲ ਪਹਾੜ ਦੀ ਤਰਫ਼, ਬੁਢੇ ਦਰਿਆ ਤੋਂ ੪ ਮੀਲ ਦੀ ਤਰਫ਼ ਤੇ ਰਾਏ ਗੋਤ ਦੇ ਜੱਟ ਜ਼ਿਮੀਂਦਾਰ ਰੇਤਲੀ ਜਿਹੀ ਜ਼ਮੀਨ ਵਿਚ ਪਿੰਡ ਨੂੰ ਆਬਾਦ ਕੀਤਾ, ਪਿੰਡ ਦਾ ਨਾਂ ਰਾਈਆਂ ਪ੍ਰਸਿਧ ਹੋ ਗਿਆ। ਇਕ ਆਲਾ ਨਾਮ ਦੇ ਚੌਧਰੀ ਨੇ ਆਪਣੇ ਬਰਸੀਮੇ ਵਿਚ ਮਕਾਨ ਬਣਾ ਕੇ ਕੁਝ ਆਪਣੀ ਪੱਤੀ ਦੇ ਲੋਕ ਉਥੇ ਜਾ ਵਸਾਏ ਅਤੇ ਪਿੰਡ ਦਾ ਨਾਮ ਭੈਣੀ ਰਖ ਲਿਆ। ਅਤੇ ਬ੍ਰਾਹਮਣ ਵੀ ਜ਼ਮੀਨ ਦੇ ਹਿਸੇਦਾਰ ਬਣ ਗਏ। ਨਾਈ, ਮਹਿਰੇ, ਘੁਮਿਆਰ, ਸੁਨਿਆਰ, ਪੇਂਜੇ, ਗੁਜਰ, ਮਰਾਸੀ ਆਦਿ ਜਾਤਾਂ ਨੂੰ ਵਸਾਉਣ ਲਈ ਮਕਾਨ ਦਿਤੇ ਗਏ।" *

---

* "ਬਾਗੀ ਕੂਕਾ" ਪ੍ਰਕਾਸ਼ਕ, ਗਿਆਨੀ ਬੂਟਾ ਸਿੰਘ ਘਤੀਸਾਜ਼, ਵੈਦਰਾਜ ਦਮਦਮਾ, ਡਾ: ਧਰਮਪੁਰਾ, ਜ਼ਿਲਾ ਹਿਸਾਰ। ਪੰਨਾ ੬



Namdhari Elibrary NamdhariElibrary@gmail.com

ਇਹ ਗੱਲਾਂ ਮਹਾਰਾਜਾ ਰਣਜੀਤ ਸਿੰਘ ਕਾਲ ਦੀਆਂ ਹਨ। ਸ਼ਹਿਰ ਲੁਧਿਆਣਾ ਛੱਡ, ਸਤਿਲੁਜੋਂ ਉਰਾਰ ਅੰਗਰੇਜ਼ ਅਰਥਾਤ ਵਿਦੇਸ਼ੀਆਂ ਦੇ ਰਾਜ ਦਾ ਤਸੱਲਤ ਸੀ ਅਤੇ ਪੱਛਮੀ ਪਾਸੇ ਅਰਥਾਤ ਪਾਰ ਮਹਾਰਾਜੇ ਦੀ ਸਰਦਾਰੀ ਸੀ।

**ਢੂੰਢ ਸਜਣ ਸੰਤ ਪਕਿਆ**

ਰਾਈਆਂ ਪਿੰਡ ਦੇ ਇਸ ਦੂਜੇ ਵਸੇਬੇ 'ਭੈਣੀ ਆਲਾ' ਵਿਖੇ ਲੁਹਾਰਾ ਤਖਾਣਾ ਕੰਮ ਕਰਨ ਵਾਲਾ ਕੋਈ ਨਹੀਂ ਸੀ। ਸੋ ਆਲੇ ਨੇ ਪਿੰਡ ਦੇ ਸਾਥੀਆਂ ਨਾਲ ਮਸਵਰਾ ਕੀਤਾ ਕਿ ਕੋਈ ਘਰ ਹਾਲੇ ਫਾਲੇ ਚੰਡਣ ਲਈ ਤੇ ਬਾਕੀ ਦੀਆ ਜ਼ਿਮੀਦਾਰਾ ਲੋੜਾਂ ਲਈ ਏਥੇ ਹੀ ਵਸਾਈਏ ਤਾਂ ਸੁਖ ਰਹੇਗਾ। ਉਸ ਵੇਲੇ ਦੇ ਚੈਨੋ ਨੰਬਰਦਾਰ ਅਤੇ ਇਕ ਦੂਹ ਹੋਰਾਂ ਨੇ ਇਕ ਰਾਮਗੜ੍ਹੀਆ ਘਰ ਏਥੇ ਲੈ ਆਉਣ ਦੀ ਜ਼ਿਮੇਂਵਾਰੀ ਆਪਣੇ ਸਿਰ ਲਈ।

ਚੈਨੋ ਆਦਿ ਸੱਜਣ ਲੁਧਿਆਣੇ ਜ਼ਿਲੇ ਦੇ ਪਿੰਡ ਵਡੀ ਲਲਤੋਂ ਵਿਚ ਗਏ। ਏਥੇ ਬਾਬਾ ਲੱਖਾ ਸਿੰਘ, ਮਠਾੜੂ ਗੋਤ, ਲੁਹਾਰ ਸੀ। ਇਹਦੇ ਚਾਰ ਪੁੱਤਰ ਸਨ : ਨੱਥਾ ਸਿੰਘ, ਜੱਸਾ ਸਿੰਘ, ਸਾਹਬ ਸਿੰਘ ਅਤੇ ਸਰਵਣ ਸਿੰਘ। ਬਾਬਾ ਲੱਖਾ ਸਿੰਘ ਨੂੰ ਜਦੋਂ ਆਲੋ ਦੀ ਭੈਣੀ ਵਾਸਤੇ ਸੇਪੀਆਂ ਦੀ ਲੋੜ ਦੱਸੀ ਗਈ ਤਾਂ ਉਸ ਨੇ ਆਪਣੇ ਦੋ ਵਡੇਰੇ ਬਚਿਆਂ ਨੂੰ ਇਹਨਾਂ ਦੇ ਨਾਲ ਤੋਰਨ ਦੀ ਗੱਲ ਮੰਨ ਲਈ। ਬਿਰਧ ਮਾਂ ਬਾਪ ਸਾਹਬ ਸਿੰਘ ਸਰਵਣ ਸਿੰਘ ਨਾਲ ਲਲਤੋਂ ਹੀ ਰਹਟੇ ਰਹੇ ਭਾਈ ਨੱਥਾ ਸਿੰਘ ਜੱਸਾ ਸਿੰਘ ਨੂੰ ਨੰਬਰਦਾਰ ਚੈਨੋ ਹੁਰਾਂ ਨਾਲ ਤੋਰ ਦਿਤਾ ਗਿਆ।

ਰਾਈਆਂ ਆ ਕੇ ਜਦੋਂ ਦੋਹਾਂ ਮਠਾੜੂ ਭਰਾਵਾਂ ਨੇ ਰਿਹਾਇਸ਼ੀ ਜਗਹ ਦੀ ਮੰਗ ਕੀਤੀ ਤਾਂ ਨੰਬਰਦਾਰ ਉਦਾਸੀ ਡੇਰੇ ਦੇ ਮਹੰਤ ਮਨਸਾ ਰਾਮ ਜੀ ਦੇ ਡੇਰੇ ਆ ਕੇ ਇਕ ਦੋ ਕੋਠੜੀਆਂ ਦੀ ਮੰਗ ਕੀਤੀ। ਪਰ ਇਕੋ ਕਮਰਾ ਦੂਹਾਂ ਭਰਾਵਾਂ ਦੀ ਰਿਹਾਇਸ਼ ਨੂੰ ਮਿਲਿਆ। ਜੱਸਾ ਸਿੰਘ ਦੇ ਵਡੇ ਭਾਈ ਨੱਥਾ ਸਿੰਘ ਨੂੰ ਪਿੰਡ ਵਾਲਿਆਂ ਆਦਰ ਦੇ ਪੱਖੋਂ ਪੰਜ ਰੁਪਏ ਅਤੇ ਇਕ ਪੱਗ ਭੇਟਾ ਕੀਤੀ ਅਤੇ ਸੇਪ ਦੀ ਗੱਲ ਪੱਕੀ ਹੋ ਗਈ।

ਇਹਨਾਂ ਕਾਰੀਗਰਾਂ, ਜਿਨ੍ਹਾਂ ਨੂੰ ਓਦੋਂ ਅੱਧੇ ਨਾਂ ਨਾਲ 'ਨੱਥਾ' ਅਤੇ 'ਜੱਸਾ' ਕਰਕੇ ਹੀ ਪੁਕਾਰਿਆ ਜਾਂਦਾ ਸੀ ਭੈਣੀ ਆਲੇ ਦੇ ਵਸਨੀਕਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ, ਜਿਨ੍ਹਾਂ ਵਾਸਤੇ ਇਹ ਲਿਆਂਦੇ ਗਏ ਸਨ।

ਭਾਈ ਨੱਥਾ ਸਿੰਘ ਦਾ ਵੱਡਾ ਲੜਕਾ ਉਨ੍ਹਾਂ ਦੇ ਨਾਲ ਹੀ ਆਇਆ ਸੀ ਅਤੇ ਪਿੰਡ ਵਿਚ ਵੀ ਭਾਈ ਨੱਥਾ ਸਿੰਘ ਨੇ ਛੇਤੀ ਹੀ ਆਪਣੀ ਵੱਖਰੀ ਵਸੋਂ ਲਈ ਠਾਹਰ ਲਭ ਲਈ। ਜੱਸਾ ਮਹੰਤਾਂ ਦੇ ਡੇਰੇ ਦੇ ਕਮਰੇ ਵਿਚ ਹੀ ਆਪਣੀ ਘਰ ਦੀ, ਬੀਬੀ ਸਦਾ ਕੌਰ. ਨਾਲ ਰਹਿਣ ਲਗੇ।

ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੇ "ਬਾਗ਼ੀ ਕੂਕੇ" ਵਿਚ ਜ਼ਰਾ ਹੋਰ ਪਿਛੋਂ ਦੀ ਝਾਤ ਪੁਆਈ ਹੈ, ਆਓ ਜ਼ਰਾ ਉਹ ਵੀ ਵੇਖ ਲਈਏ :

> "ਵੱਡੀ ਲਲਤੋਂ, ਜਿਥੇ ਹਰਸਾ ਨਾਮ ਦਾ ਮਠਾੜੂ ਲੁਹਾਰ ਅਹਿਰਣ ਬਣਾਨ ਦਾ ਬੜਾ ਮਸ਼ਹੂਰ ਮਿਸਤਰੀ ਸੀ। ਇਸ ਦੀ ਇਸਤਰੀ ਦਾ ਨਾਂ ਪ੍ਰੇਮਾ ਸੀ। ਪ੍ਰੇਮਾ ਤੋਂ ਇਕ ਪੁਤਰ ਹੋਇਆ। ਜਿਸਦਾ ਨਾਮ ਗੁਰਸਾ ਸੀ। ਗੁਰਸੇ ਦੇ ਘਰ ਨੰਦ ਔਰਤ ਤੋਂ ਸੋਹਿਲ ਜਨਮਿਆ। ਸੋਹਿਲ ਵੀ ਲੁਹਾਰੇ ਕੰਮ ਦਾ ਭਾਰੀ ਮਾਹਿਰ ਸੀ। ਇਸ ਦੀ ਘਰ ਵਾਲੀ ਭਾਗੋ ਸੀ। ਜਿਸ ਦਾ ਪੁੱਤਰ ਲੱਧਾ ਸੀ। ਲੱਧੇ ਦੀ ਸ਼ਾਦੀ ਠੀਕਰੀਵਾਲ ਦੇ ਧਨਾਢ ਮਿਸਤਰੀ ਦੇ ਘਰ ਹੋਈ। ਇਸ ਦੀ ਧਨ ਦੇਈ ਇਸਤਰੀ ਤੋਂ ਤਿੰਨ



Namdhari Elibrary NamdhariElibrary@gmail.com

ਪੁਤਰ ਪੈਦਾ ਹੋਏ ।

"ਜੱਸਾ, ਨੱਥਾ, ਲਖਾ ਬੜੇ ਹੀ ਨਰਮ ਦਿਲ ਦੇ ਸਨ । ਲਲਤੋਂ ਵਿਚ ਰਹਿੰਦਿਆਂ ਹੋਇਆਂ ਜੱਸੇ ਦੀ ਸ਼ਾਦੀ ਉਟਾਲਾਂ ਪਿੰਡ ਦੇ ਮਿਸਤਰੀ ਹਜ਼ੂਰਾ ਸਿੰਘ ਦੇ ਘਰ ਖੀਵੀ ਤੋਂ ਜਨਮੀ ਹੋਈ ਸਪੁਤਰੀ ਨਾਲ ਹੋਈ ।"*

ਬਿਸ਼ਨ ਸਿੰਘ ਹਿਸਟੋਰੀਅਨ ਨੂੰ ਅੰਤ ਵਿਚ ਆ ਕੇ ਕੁਛ ਗ਼ਲਤੀ ਲੱਗ ਗਈ ਹੈ । ਕਿਉਂਕਿ ਬਾਬਾ ਨੱਥਾ ਸਿੰਘ ਦੇ ਪੜਪੋਤੇ ਬਾਬਾ ਅਰਜਨ ਸਿੰਘ ਦੇ ਦੱਸਣ ਮੁਤਾਬਕ ਬਾਬਾ ਲੱਧਾ ਸਿੰਘ ਦੇ ਲੜਕੇ ਚਾਰ ਸਨ : ਨੱਥਾ, ਜੱਸਾ, ਸਾਹਬਾ ਤੇ ਸਰਵਣ । 'ਲੱਖਾ' ਬਾਬਾ ਜੱਸਾ ਸਿੰਘ ਦਾ ਹੀ ਲਡਿੱਕਾ ਨਾਂਅ ਸੀ ।

ਇਸ ਹਿਸਾਬ ਸ੍ਰੀ ਭੈਣੀ ਸਾਹਿਬ ਦੀ ਮੁੱਢਲੀ ਆਬਾਦੀ ਦਾ ਆਰੰਭਕ ਸਮਾ ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕਿਆਂ ਦੇ ਨੇੜੇ ਤੇੜੇ ਦਾ ਬਣਦਾ ਹੈ । ਜਦੋਂ ਬਾਬਾ ਨੱਥਾ ਸਿੰਘ-ਜੱਸਾ ਸਿੰਘ ਹੁਰੀਂ ਰਾਈਆਂ ਆਏ । ਉਦੋਂ ਵਡੇ ਭਰਾ ਦਾ ਲੜਕਾ ਕੁਛੜ ਸੀ । ਜਦੋਂ ਸਤਿਗੁਰੂ ਰਾਮ ਸਿੰਘ ਜੀ ੧੮੧੬ ਈ: ਵਿਚ ਰਾਈਆਂ ਦੀ ਉਸ ਕੋਠੜੀ ਵਿਚ ਪ੍ਰਗਟੇ, ਜਿਥੇ ਅੱਜ ਕੱਲ, ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੀਸਰਮ ਅਤੇ ਕਿਰਪਾ ਨਾਲ ਅਖੰਡ ਵਰਨੀ ਜਾਰੀ ਹੈ, ਭਾਈ ਨਥਾ ਸਿੰਘ ਦਾ ਲੜਕਾ ਤਿੰਨ ਸਾਲ ਦਾ ਹੋ ਗਿਆ ਸੀ ।

## ਮੁਢਲੇ ਸਾਲ

ਭਾਈ ਸੰਤੋਖ ਸਿੰਘ ਜੀ ਦੇ ਅਣਛਪੇ ਪੁਸਤਕ "ਸਤਿਗੁਰੂ ਬਿਲਾਸ" ਤੋਂ ਇਸ ਤੱਥ ਦੀ ਸ਼ਾਅਦੀ ਮਿਲਦੀ ਹੈ ਕਿ ਜਦੋਂ ਸਤਿਗੁਰੂ ਰਾਮ ਸਿੰਘ ਜੀ, ਜਨਮ ਤੋਂ ਕੁਛ ਸਮਾਂ ਤੁਰੰਤ ਬਾਅਦ, ਆਪਣੇ ਨਾਨਕੇ, ਨੰਗਲ, ਆਪਣੀ ਮਾਤਾ ਸਦਾ ਕੌਰ ਜੀ ਦੇ ਕੁੱਛੜੇ ਗਏ, ਵਾਪਸੀ ਸਮੇਂ ਆਪ ਭੈਣੀ ਆਲੇ ਹੀ ਆਏ, ਜਿਥੇ ਪਿੰਡ ਵਿਚ ਉਦੋਂ ਪਿਤਾ ਜੱਸਾ ਸਿੰਘ ਜੀ ਨੇ ਰਿਹਾਇਸ਼ ਲੈ ਆਂਦੀ ਸੀ।

ਬਾਬਾ ਅਰਜਨ ਸਿੰਘ ਮਠਾੜੂ, ਭੈਣੀ ਸਾਹਿਬ ਦੇ ਦੱਸਣ ਅਨੁਸਾਰ ਇਹ ਘਰ 'ਆਲੇ ਦੀ ਭੈਣੀ' ਦੇ ਦਰਮਿਆਨ ਜਿਹੇ ਸੀ, ਜਿਸ ਘਰ ਵਿਚ ਪਿਛੋਂ ਪਿੰਡ ਦੇ ਨਾਈ ਵਸਦੇ ਰਹੇ । ਸਤਿਗੁਰੂ ਹਰੀ ਸਿੰਘ ਜੀ ਦਾ ਜਨਮ ਵੀ ਸਤੰਬਰ ੧੮੧੯ (ਅੱਸੂ ਦਾ ਤੀਜਾ ਨੁਰਾਤਾ, ਬੁਧਵਾਰ, ੧੮੭੬ ਬਿਕ੍ਰਮੀ) ਵਿਚ ਆਲੇ ਦੀ ਭੈਣੀ ਵਿਚ ਹੀ ਹੋਇਆ (ਬਾਬਾ ਅਰਜਨ ਸਿੰਘ ਦੇ ਦੱਸਣ ਅਨੁਸਾਰ ਸਥਾਨ ਸ਼ੁਧੀ ਕਰਨੀ ਬਣਦੀ ਹੀ ਹੈ ਕਿਉਂ ਕਿ ਉਸ ਨੇ ਆਪਣੇ ਪਿਤਾ ਅਤੇ ਦਾਦੇ ਤੋਂ ਸਾਰੇ ਵ ਕਿਆਤ ਬਾਰ ਬਾਰ ਸੁਣੇ ਹਨ ।)

## ਜਗਹ ਦੀ ਤੰਗੀ

ਫੌਜ ਦੀ ਨੌਕਰੀ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਘਰ ਆਏ (੧੮੪੫ ਈ:) ਤਾਂ ਇਹਨਾ ਕਰੀਬ ਦੋ ਕੁ ਸਾਲ ਵਾਹੀ ਜੋਤੀ ਕੀਤੀ । ਦੋਹਾਂ ਭਰਾਵਾਂ ਦੇ ਛੋਟੀ ਉਮਰੇਂ ਹੀ ਵਿਵਾਹਤ ਹੋਣ ਨਾਲ ਜਗਹ ਦੀ ਤਾਂ ਪਹਿਲਾ ਹੀ ਤੰਗੀ ਸੀ ਹੁਣ ਵਧੇਰੇ ਹੀ ਰੜਕਣ ਲਗੀ । ਪਿਤਾ ਪੁੱਤਰਾਂ ਤੇ ਪਰਵਾਰ ਦੀ ਸੋਚ ਬਣੀ ਕਿ ਦੋ ਕੋਠੜੀਆਂ ਦੇ ਉਪਰ ਚੁਬਾਰੇ ਪਾ ਲਈਏ । ਇਹ ਜਗਹ ਜਿਸ ਵਿਚ ਹੁਣ ਵਸੇਬਾ ਸਾ ਹਮੀਰੇ ਜੱਟ ਦੀ ਸੀ । ਇਹ ਵੀ ਨੰਬਰਦਾਰ ਸੀ । ੧੮੪੭ ਈ:ਵਿਚ ਚੁਬਾਰਿਆਂ ਲਈ ਛਪੜ ਦੇ ਸੁੱਕੇ ਹਿਸੇ ਵਿਚ ਇੱਟਾਂ ਪੱਥੀਆਂ ਗਈਆਂ । ਦੋਹਾਂ ਭਰਾਵਾਂ ਕਾਫ਼ੀ ਮਿਹਨਤ ਕੀਤੀ । ਪਰ ਨੰਬਰਦਾਰ ਹਮੀਰੇ ਨੂੰ ਪਤਾ ਨਹੀਂ ਕੀ ਸੁੱਝਾ, ਸੰਭਵ ਹੈ ਸਤਿਗੁਰਾਂ ਦੀ ਲੋਬਾਲੀ ਤਬਹ

---

* ਬਾਗ਼ੀ ਕੂਕਾ, ਪੰਨਾ ੯



Namdhari Elibrary NamdhariElibrary@gmail.com

ਨੇ ਹੀ ਈਰਖਾ ਜਗਾ ਦਿਤੀ ਹੋਵੇ।) ਨੰਬਰਦਾਰ ਨੇ ਪੱਥੀਆਂ ਇੱਟਾਂ ਛਪੜ ਵਿਚ ਸੁਟਵਾ ਦਿਤੀਆਂ ਅਤੇ ਆਪ ਇੱਟਾਂ ਵਾਂਗ ਹੀ ਗਲ ਜਾਣ ਦਾ ਸਰਾਪ ਲੈ ਲਿਆ। ਸੋਪ ਦੀ ਇਹ ਜ਼ਿੰਦਗੀ ਵੱਢ ਵੱਢ ਖਾਣ ਲਗੀ ਅਤੇ ਸਤਿਗੁਰੂ ਜੀ ਤਾਂ ਨਾਰਾਜ਼ ਹੋ ਕੇ ਜਨਮ ਸਥਾਨ ਰਾਈਆਂ ਜਾ ਵੱਸੇ। ਬਾਕੀ ਪਰਵਾਰ ਭੈਣੀ ਆਲੇ ਹੀ ਰਿਹਾ।

### ਕਦੀਮੀ ਮਿੱਤਰ

ਪਿੰਡ ਦਾ ਇਕ ਜੱਟ ਭਾਈ ਲਹਿਣਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਹਿਰਦਿਓਂ ਮਿੱਤਰ, ਕਦਰਦਾਨ ਅਤੇ ਉਹਨਾਂ ਪ੍ਰਤੀ ਸਰਧਾ ਭਾਵਨਾ ਰਖਦਾ ਸੀ। ਉਸ ਨੂੰ ਸਤਿਗੁਰਾਂ ਦਾ ਰਾਈਆਂ ਵਾਪਸ ਚਲੇ ਜਾਣਾ ਰੜਕਦਾ ਰਹਿੰਦਾ। ਸਤਿਗੁਰਾਂ ਰਾਈਆਂ, ਜਾ ਕੇ ਖੇਤੀ ਕਰ ਲਈ। ਪਰ ਭਾਈ ਲਹਿਣਾ ਸਿੰਘ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਡਰਾਈਵਰ ਸ: ਲਾਲ ਸਿੰਘ, ਇਸਦੇ ਭਰਾਵਾਂ ਸ: ਗਜਣ ਸਿੰਘ ਅਤੇ ਸੰਤ ਗੁਰਬਖਸ਼ ਸਿੰਘ ਅਮਲੀ ਦਾ ਦਾਦਾ) ਨੂੰ ਚੈਨ ਨਹੀਂ ਸੀ। ਉਸਨੇ ੧੮੪੫ ਵਿਚ ਦੋ ਹੋਰ ਸਾਥੀਆਂ ਨਾਲ ਜਾ ਕੇ, ਸਤਿਗੁਰਾਂ ਨੂੰ ਭੈਣੀ ਵਿਚ ਹੀ ਥਾਂ ਹੋਰ ਦੇਣ ਦਾ ਬਚਨ ਦੇ ਕੇ, ਲੈ ਆਂਦਾ।

ਉਹ ਸਥਾਨ ਜਿਥੇ ਅਜ ਕਲ ਮੰਦਰ, ਅੰਨ ਭੰਡਾਰ, ਅਤੇ ਅੰਦਰਲੇ ਵਸੇਬੇ ਦੀ ਥਾਂ ਹੈ (ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜੀ ਦਾ ਜਨਮ ਹੋਇਆ) ਇਹ ਆਪਣੇ ਹਿੱਸੇ ਦੀ ਸ਼ਾਮਲਾਟ ਵਿਚੋਂ ਦੇ ਦਿਤਾ। ਸਤਿਗੁਰੂ ਜੀ ਪਹਿਲਾਂ ਏਥੇ ਆਪਣੀ ਵਸੋਂ ਲਈ ਜਗਹ ਉਸਾਰੀ। ਏਥੇ ਹੀ ਆਪਣੀਆਂ ਦੋਹਾਂ ਪੁੱਤਰੀਆਂ ਬੀਬੀ ਨੰਦਾਂ ਅਤੇ ਬੀਬੀ ਦਇਆ ਕੌਰ ਦੀਆਂ ਸ਼ਾਦੀਆਂ, ੧੮੫੭ ਤਕ ਕ੍ਰਮਵਾਰ, ਖੱਟੜੀਂ ਤੇ ਨਾਰੰਗਵਾਲ (ਲੁਧਿਆਣਾ) ਕਰਕੇ, ਘਰੋਗੀ ਜ਼ਿਮੇਵਾਰੀਆਂ ਤੋਂ ਵਿਹਲੇ ਹੋ ਕੇ ਫੀਰੋਜ਼ਪੁਰ ਚਲੇ ਗਏ।

੧੮੫੧ ਵਿਚ ਫੀਰੋਜ਼ਪੁਰ ਮਾਮੇ ਹਰੀ ਸਿੰਘ ਨਾਲ ਠੇਕੇਦਾਰੀ ਵਿਚ ਹੱਥ ਵਟਾਉਣ ਲਗ ਪਏ। ਯਾਦ ਰਹੇ ਕਿ ਸਤਿਗੁਰੂ ਜੀ ਦੀ ਅਵਸਥਾ ਕਿਸ਼ੋਰ ਉਮਰੇ ਹੀ 'ਹੱਥ ਕਾਰ ਵਲ ਚਿੱਤ ਯਾਰ ਵਲ' ਵਾਲੀ ਰਹੀ। ਏਥੇ ਆਇਆਂ ਸਮੇਂ ਸਿਰ ਸਿਮਰਨ ਸਮਾਧੀ ਲਗ ਹੀ ਜਾਂਦੀ। ਏਥੋਂ ਆਪ ੧੮੫੫ ਈਸਵੀ ਵਿਚ ਸ੍ਰੀ ਭੈਣੀ ਸਾਹਿਬ ਵਾਪਸ ਆਏ।

ਹੁਣ ਕੰਮ ਕਾਰ ਵਲੋਂ ਕੁਝ ਵਿਹਲ ਵੀ ਸੀ ਤੇ ਸਵੈ ਚਿੰਤਨ ਦਾ ਸਮਾ ਵੀ। ਸਤਿਗੁਰਾਂ ਨੂੰ ਇਕਾਂਤ ਬੈਠਣ ਦੀ ਲੋੜ ਬਣੀ ਹੀ ਰਹਿੰਦੀ। ਇਸ ਬਾਰੇ ਥੋੜੀ ਜਿਹੀ ਗੱਲ ਕੀਤਿਆਂ ਹੀ ਭਾਈ ਲਹਿਣਾ ਸਿੰਘ ਨੇ ਪੰਜ ਵਿਘੇ ਥਾਂ ਆਪਣੀ ਵਾਹੀ ਜੋਤੀ ਵਾਲੀ ਜਗਹ ਵਿਚੋਂ ਦੇ ਦਿਤੀ। ਇਥੇ ਆਪ ਜੀ ਨੇ ਇਕ ਕੋਠੜੀ ਪਾ ਕੇ, ਉਸ ਵਿਚ ਇਕ ਥੜਾ ਬਣਾ, ਦੁਆਲੇ ਪਾਣੀ ਪਾਈ ਰੱਖਣ ਲਈ ਖੇਲ ਕਢ ਕੇ, ਤਪੱਸਿਆ ਲਈ ਸਥਾਨ ਬਣਾਇਆ। ਥੜੇ ਦੁਆਲੇ ਜਲ ਦਾ ਹੋਣਾ ਸਰੇਸ਼ਟ ਸੀ, ਖੇਲ-ਜਲ ਨਦੀ ਦਾ ਪ੍ਰਤੀਕ ਤਾਂ ਸੀ ਹੀ, ਕੀੜੇ ਕਾਢੇ ਦੀ ਰੋਕ ਵੀ ਸੀ ਇਕਾਗਰ ਹੋਈ ਬਿਰਤੀ ਨੂੰ ਸਥਿਰ ਰਖਣ ਲਈ।

### ਸੁਖੂ ਨੰਬਰਦਾਰ ਦੀ ਗੱਲ

੧੨ ਅਪਰੈਲ ੧੮੫੭ ਈ: ਵੈਸਾਖੀ ਵਾਲੇ ਦਿਨ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਸਿਖੀ ਦੀ ਪੁਨਰ ਸਥਾਪਨਾ ਹਿਤ 'ਸੰਤ ਖਾਲਸਾ' ਸਮਾਜ ਦੀ ਸ਼ੁਰੂਆਤ ਕੀਤੀ, ਉਸ ਸਮੇਂ ਤੋਂ 'ਆਲੇ ਦੀ ਭੈਣੀ' ਅਲੋਪ ਹੋ ਗਈ। ਇਹ 'ਭੈਣੀ ਕੂਕਿਆਂ' ਬਣ ਗਈ ਲੋਕ ਜੀਵਨ ਵਿਚ, ਅਤੇ 'ਭੈਣੀ ਸਾਹਿਬ' ਹੋ ਗਈ ਸਿਖ ਸਮਾਜ ਵਿਚ।



Namdhari Elibrary NamdhariElibrary@gmail.com

ਸਾਧ ਸੰਗਤ ਦਾ ਆਵਾ ਗਮਨ ਵਧਣ ਲਗਾ। ਦੀਵਾਨ ਸਜਣ ਲਗੇ। ਲੰਗਰ ਸਥਾਪਤ ਹੋ ਗਿਆ। ਸਚਮੁਚ ਹੁਣ ਘਰ ਗ੍ਰਿਸਤੀ ਦੀ ਜਗਹ ਨਾਲ ਹੀ ਕੰਮ ਨਹੀਂ ਸੀ ਸਰਨਾ। ਪਰ ਜੱਟਾਂ ਜ਼ਿਮੀਦਾਰਾਂ ਨੂੰ ਆਪਣੇ ਹੀ ਸੇਪੀ, ਅਤੇ ਬਾਹਰੋਂ ਜਾ ਕੇ ਲਿਆਂਦੇ ਆਪਣੇ ਹੀ ਤਖਾਣ ਦਾ ਪੁੰਨ ਪਰਤਾਪ ਵਧਦਾ ਵੇਖਣਾ ਕਦੋਂ ਸਹਾਰਿਆ ਜਾ ਸਕਦਾ ਸੀ। ਇਸ ਜਗਹ ਤੇ ਜਦੋਂ ਲੰਗਰ ਲਈ ਪੰਗਤਾਂ ਲਗਣ ਲਗੀਆਂ ਅਤੇ ਵਡੇ ਵਡੇ ਇਕੱਠ ਹੋਣ ਲਗੇ ਤਾਂ ਸ਼ਮਾਲਾਟ ਦੇ ਮਾਲਕਾਂ ਨੇ ਤੰਗ ਕਰਨਾ ਸ਼ੁਰੂ ਕੀਤਾ। ਇਸ ਨਾਲ ਸਿਖਾਂ ਅਤੇ ਸੁਖੂ ਨੰਬਰਦਾਰ ਦੀ ਕਸ਼ਮਕਸ਼ ਵਾਧੇ ਪੈ ਗਈ। ਭਾਵੇ ਸੁਖੂ ਗੁਰੂ ਹਰੀ ਸਿੰਘ ਜੀ ਦਾ ਹਾਣ ਪਰਮਾਣ ਅਤੇ ਮਿੱਤਰ ਮੇਲੀ ਵੀ ਸੀ, ਪਰ ਆਪਣੇ ਮਿੱਤਰ ਦੇ ਭਰਾ ਦੀ ਚੜ੍ਹਤ ਅਸਹਿ ਹੋ ਰਹੀ ਸੀ।

ਇਸ ਸੰਦਰਭ ਵਿਚ ਭਾਈ ਧਿਆਨ ਸਿੰਘ ਜੀ ਕਾਦਾਬਾਦੀ ਦੀ ਪੁਸਤਕ "ਸਤਿਗੁਰ ਬਿਲਾਸ" ਵਿਚੋਂ ਉਸ ਯਥਾਰਥ ਦਾ ਹਵਾਲਾ ਮਿਲਦਾ ਹੈ, ਜਿਹੜਾ ਪਿੰਡਾਂ ਵਿਚ ਬੇਜ਼ਮੀਨੇ ਤੇ ਜ਼ਿਮੀਦਾਰਾਂ, ਸੇਪੀਆਂ ਅਤੇ ਜਜਮਾਨਾਂ ਦਰਮਿਆਨ ਵਾਪਰਦਾ ਰਹਿੰਦਾ ਹੈ। ਮਸਲੇ ਦੀ ਗੰਭੀਰਤਾ ਨੂੰ ਸਮਝਣ ਲਈ ਮੈਂ ਸਾਰੇ ਅਧਿਆਇ ਚੋਂ ਕੁਛ ਭਾਗ ਹੀ ਏਥੇ ਦੇਣਾ ਚਾਹਾਂਗਾ :

ਏਕ ਦਿਵਸ ਸੁਖੂ ਆਯੋ, ਸਤਿਗੁਰੂ ਭਾਖਿਓ ਤਾਹਿ।
ਇਹੁ ਧਰਨੀ ਲੰਗਰ ਬਨੇ, ਅਸ੍ਵ ਤਬੇਲਾ ਜਾਹਿ।੬।
ਅੰਨ ਖਾਹਿੰ ਨਰ ਸੈਂਕੜੇ, ਗਾਡੀ, ਉਟ, ਤੁਰੰਗ।
ਆਵਹਿੰਗੇ ਈਹਾਂ ਚਲੇ, ਭੂਮੀ ਥੋੜੀ ਤੰਗ।੭।
ਬੋਲਾ ਸੁਖੂ ਹੰਸ ਕਰ, ਸੁਣ ਭਾਈ ਰਾਮਿਆ ਬਾਤ।
ਪੈਰਾਂ ਉਪਰ ਰਲਾ ਜਾਹੁ, ਤੂੰ ਬਾਵੀ ਕੋ ਤਾਤ।੮।
ਲੰਗਰ ਘੋੜੇ ਬੈਲ ਕਹਾਂ, ਧੇਨ, ਗਾਡੀਆਂ ਭੂਰ।
ਕੋ ਦਿਨ ਕੋ ਇਹ ਚਾਰ ਨਰ, ਭੀ ਹੋ ਜਾਸਨ ਦੂਰ।੯।
ਮੈਂ ਭੂਮੀ ਨਹੀਂ ਦੇਵਣੀ ਸਾਚੀ ਸਾਚੀ ਬਾਤ।
ਇਸ ਪੀਛੇ ਲੜ ਮਰਤ ਹੈਂ, ਚਚਾ, ਭਤੀਜਾ, ਭ੍ਰਾਤ।੧੦।
ਤ੍ਰਿਆ, ਧਰਤੀ ਕੋ ਮਾਂਗਥੇ, ਸਿਆਣੇ ਨਰ ਕਹਾਂ ਦੇਤ।
ਭਾਵਾ ਭਾਵੇਂ ਖੋਹ ਲਵੇ, ਪ੍ਰਾਣ ਨਿਕਾਸੇ ਖੇਤ।੧੧।
ਬੋਲੇ ਗੁਰ ਮੁਸਕਾਇ ਕਰ, ਭਾਈ ਸੁਖੂ, ਮਾਨ।
ਦੇਹ ਖੁਸ਼ੀ ਸੰਗ, ਨਹੀਂ, ਗੁਰ ਛਾਡੇ ਹਤੈਂ ਪ੍ਰਾਣ।੧੨।

ਏਸ ਘੜੀ ਗੱਲ ਭਾਵੇਂ ਇੰਜ ਹੀ ਨਿਬੜੀ ਪਰ ਇਕ ਦਿਨ ਖੇਤੀਂ ਗਿਆਂ ਸੁਖੂ ਸ਼ਹੀਦਾਂ ਦੀ ਮਾਰ ਨਾਲ ਬੇਸੁਧ ਜਾ ਪਿਆ। ਗੁਆਂਢੀ ਕਿਸਾਨਾਂ ਨੇ ਮੰਜੀ ਤੇ ਪਾ ਕੇ ਲਿਆਂਦਾ। ਮਾਂ ਨੇ ਪੁੱਤਰ ਨੂੰ ਹਥੋਂ ਤਿਲਕਦਿਆਂ ਵੇਖ ਸਤਿਗੁਰਾਂ ਦੀ ਸ਼ਰਣ ਹੀ ਲਈ। ਧਿਆਨ ਸਿੰਘ ਜੀ ਲਿਖਦੇ ਹਨ :

ਸਿਆਣੀ ਥੀ ਤਿਨ ਸਮਝੀ ਬਾਤ। ਭੂਮੀ ਕਾਮ ਕਹਾਂ ਬਿਨ ਤਾਤ।੨੪।
ਏਕ ਪੁਤ੍ਰ ਯਾਹੀ ਗ੍ਰਿਹ ਮੇਰੇ। ਯਾ ਬਿਨ ਪ੍ਰਾਨ ਨਸੈਂ, ਬਿਨ ਦੇਰੇ।
ਗੁਰੂ ਰਾਮ ਸਿੰਘ ਕੇ ਗ੍ਰਿਹਿ ਆਈ। ਊਚੀ ਧੁਨ ਰੋਤੀ ਬਿਲਲਾਈ।...



Namdhari Elibrary NamdhariElibrary@gmail.com

ਵੇ ਰਾਮਿਆ ! ਪੁਤ ਜੀਵੇ ਮੇਰਾ । ਲੈ ਭੂਮੀ ਲੇਤਾ ਜੀ ਤੇਰਾ ।...
ਤੂੰ ਮਾਲਿਕ ਇਸ ਸਾਰੀ ਧਰਨੀ। ਮੈਂ ਦੀਨਨ ਡਿੱਗੀ ਤੁਹਿ ਸਰਨੀ ।...
ਏਤੀ ਬਿਨੈ ਸੁਨੀ ਬਹੁ ਦੀਨ । ਤਉ ਉੱਠੇ ਸਤਿਗੁਰ ਪ੍ਰਬੀਨ । ੩੪ ।
ਸ੍ਰੀ ਗ੍ਰੰਥ ਕੀ ਪਢਤੇ ਬਾਣੀ । ਪਾਸ ਰਖਾਇਆ ਗੜਵਾ ਪਾਣੀ ।
ਸੋ ਜਲ ਤਿਸ ਕੇ ਮੁਖ ਮੇਂ ਪਾਯੋ । ਤਤ ਛਿਨ ਉਠਾ, ਮਨੋ, ਸੁਪਨਾਯੋ । ੩੫ ।*

ਇੰਜ ਅਜ ਵਾਲੇ ਤਬੇਲਿਆ ਅਤੇ ਲੰਗਰ ਲਈ ਥਾਂ ਗੁਰਦੁਆਰੇ ਨੂੰ ਹੱਥ ਲਗੀ ।

## ਖਾਲਸੇ ਦੀ ਚੜ੍ਹਤ

ਸਤਿਗੁਰੂ ਰਾਮ ਸਿੰਘ ਜੀ ਦੇ ਵਧਦੇ ਤੇਜ ਅਗੇ ਜਿਉਂ ਜਿਉਂ ਪਿਰਥਮੀ ਨਿਉਂਦੀ ਗਈ, ਗੁਰੂ ਅਤੇ ਗੁਰੂ ਦੇ ਸਿਖਾਂ ਨੂੰ ਤਿਉਂ ਤਿਉਂ ਹੀ ਵਿਦੇਸ਼ੋਂ ਆਈ ਬਰਤਾਨਵੀ ਸਰਕਾਰ ਸੁਚੇਤ ਹੋ ਕੇ ਵੇਖਣ ਜਾਂਚਣ ਲਗੀ । ਭੈਣੀ ਸਾਹਿਬ ਨੇ ੧੮੬੦ ਤੋਂ ੧੮੭੨ ਤਕ ਸੰਤ ਖਾਲਸੇ ਉਤੇ ਉਹ ਬਹਾਰ ਤਕੀ ਜਿਸ ਨੂੰ ਮੁੜ ਵੇਖਣ ਲਈ ਉਸ ਨੂੰ ਲੰਮਾ ਸਮਾ ਸਹਿਕਣਾ ਪਿਆ । ਜਿਸ ਰਾਮ ਸਿੰਘ ਨੂੰ ਪਿੰਡ ਵਿਚੋਂ ਥੋੜੀ ਜਿਹੀ ਸ਼ਾਮਲਾਟ ਦੀ ਜ਼ਮੀਨ ਪਿੰਡ ਦੇ ਨੰਬਰਦਾਰਾਂ ਨੂੰ ਇਕ ਸੇਪੀ ਅਗੇ ਗੋਡੇ ਟੇਕਣਾ ਪ੍ਰਤੀਤ ਦਿੰਦਾ ਸੀ, ਉਸ ਨੂੰ ਸਤਿਗੁਰੂ ਰਾਮ ਸਿੰਘ ਰੂਪ ਵਿਚ ਦੇਸ ਅਤੇ ਦੁਨੀਆਂ ਤੋਂ ਨਿਤ ਢੋਏ ਆਉਣ ਲਗੇ । ਉਹਦੇ ਪੁੰਨ ਪ੍ਰਤਾਪ ਦਾ ਸੂਰਜ ਹਰ ਦਿਨ ਵਧੇਰੇ ਚਮਕ ਨਾਲ ਉਗਮਦਾ ।

ਭਾਈ ਚੰਦਾ ਸਿੰਘ ਹੁਰਾਂ ਕੋਲੋਂ ਇਕ ਝਲਕ ਵੇਖੀਏ :

ਵੱਜੇ ਢੋਲਕ, ਛੈਣੇ ਖੜਕਣ,
ਹੱਲੇ ਦੇ ਸ਼ਬਦ ਕਲੇਜੇ ਰੜਕਣ,
ਬੀਬੀਆਂ ਵਾਂਗ ਕਬੂਤਰ ਫਟਕਣ,
ਕਰਦੀਆਂ ਨਿਰਤ, ਪੰਰ ਨਹੀਂ ਅਟਕਣ,
ਖੁਲ੍ਹੇ ਕੇਸ ਗਲੇ ਵਿਚ ਲਟਕਣ,
ਸੋਭਾ ਪਾਂਵਦੇ ।
ਵਿਚ ਪ੍ਰੇਮੀ ਸਿੰਘ ਵੀ ਆਵਣ,
ਪੱਖੇ ਝੱਲਣ, ਪਾਣੀ ਪਿਆਵਣ,
ਮੁਠੀਆਂ ਭਰਨ, ਥਕੇਵੇਂ ਲਾਹਵਣ,
ਬਰਤਨ ਮਾਂਜਣ, ਟਹਿਲ ਕਮਾਵਣ ।
ਸੋਭਾ ਸੰਗਤ ਦੇ ਵਿਚ ਪਾਵਣ,
ਹਰਿ ਗੁਣ ਗਾਂਵਦੇ ।...
ਸੁਣ ਭਾਈ ਚੰਦਾ ਸਿੰਘਾ ਗੱਲ ਸਾਰ,
ਸਤਿਗੁਰ ਆ ਬੈਠੇ ਘਰ ਬਾਰ,
ਸੂਬੇ ਕੀਤੇ ਸਭ ਤਈਆਰ,
ਜਿਹੜੇ ਆਦਿ ਅੰਤ ਦੇ ਯਾਰ,
ਜੁਗ ਜੁਗ ਧਰਨ ਨਾਲ ਔਤਾਰ,

---

* ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ, ਮੈਨੇਜਰ ਸਤਿਜੁਗ ਸ੍ਰੀ ਜੀਵਨ ਨਗਰ (ਹਿਸਾਰ), ਪੰਨਾ ੩੭, ੩੮, ੩੯,



Namdhari Elibrary NamdhariElibrary@gmail.com

ਦਿਤੋ ਸਭ ਦੇਸਾਂ ਤੇ ਚਾੜ੍ਹ,
ਜਾ ਕੇ ਆਵੇ ਕਾਜ ਸਵਾਰ,
ਕਿਰਤ ਕਰਤਾਰ ਦੀ । ੫ ।*

ਇਸ ਦਾ ਸਿੱਟਾ ਗੁਰੂ ਕੇ ਦਰਸਨ ਕਰਨ ਵਾਲਿਆਂ ਦਾ ਭੈਣੀ ਸਾਹਿਬ ਵੱਲ ਤਾਤਾ ਲਗ ਗਿਆ । ਲੱਖਾਂ ਦੀ ਤਾਦਾਦ ਵਿਚ ਮਾਝੇ, ਮਾਲਵੇ, ਨੱਕੇ, ਦਰਪ, ਦੁਆਬ, ਮੰਣ ਦੁਆਬ ਆਦਿ ਇਲਾਕਿਆਂ ਤੋਂ ਗੁਰੂ ਸਿਖ ਪ੍ਰੇਮੀਆਂ ਨੇ ਗੁਰਬਾਣੀ ਪਾਠ, ਭਜਨ ਬਾਣੀ ਦਾ ਇਕ ਬਹਾਵ ਭੈਣੀ ਸਾਹਿਬ ਵੱਲ ਅਤੇ ਗੁਰੂ ਦੀਆਂ ਖੁਸ਼ੀਆਂ ਦਾ ਪਰਤਾਵਾ ਗੁਰ-ਸਿਖੀ ਵੱਲ ਵਧਣ ਲੱਗਾ । ਸਫੇਦ ਬਸਤਰ ਧਾਰੀ, ਉੱਚੇ ਆਚਰਨ ਦੇ ਮਾਲਿਕ, ਨਾਮ ਰੰਗ ਰੱਤੇ ਨਾਮਧਾਰੀਆਂ ਦਾ ਵਧਦਾ ਲਸ਼ਕਰ ਗੋਰੀ ਹਕੂਮਤ ਨੂੰ ਤਾਂ ਪਰੇਸ਼ਾਨ ਕਰ ਹੀ ਰਿਹਾ ਸੀ ਪਰ ਸਿੰਘਾਂ ਦੇ ਹੌਸਲੇ ਵੀ ਬੁਲੰਦੀਆਂ ਤਕ ਪਹੁੰਚ ਗਏ ।

## ਤਸ਼ੱਦਦ ਦੇ ਦਿਹਾੜੇ

ਸਿੰਘਾਂ ਨੇ ੧੮੭੨ ਦੇ ਆਉਂਦੇ-ਆਉਂਦੇ ਜਿਥੇ ਅਨੇਕਾਂ ਕਾਰਜ ਸਮਾਜ ਸੁਧਾਰ ਦੇ ਕੀਤੇ, ਸਾਦਾ ਸਰਲ ਅਨੰਦ ਕਾਰਜ, ਵਿਧਵਾ ਵਿਆਹ ਕਰਨੇ, ਵੱਟਾ ਨਹੀਂ ਕਰਨਾ, ਡੂਢੇ ਦੂਗਣੇ ਵਿਆਜ ਤੋਂ ਪਰਹੇਜ਼, ਮੜ੍ਹੀਆਂ ਗੋਰਾਂ ਢਾਹ, ਜਿੰਨ ਭੂਤਾਂ ਚੁੜੇਲਾਂ ਦਾ ਡਰ ਲਾਹ ਸਾਰੇ ਪੰਜਾਬ ਨੂੰ ਹੰਗਾਲ ਦਿਤਾ ਅਤੇ ਇਕ ਨਵਾਂ ਦਿਸਹਦਾ ਵਿਖਾ ਦਿਤਾ । ਅੰਦਰੂਨ ਮਨੋਰਥ ਆਪਣੇ ਰਾਜ ਦੀ ਬਹਾਲੀ ਸੀ ਜਿਸਨੂੰ ਅੰਮ੍ਰਿਤਸਰ, ਰਾਇਕੋਟ, ਮਲੇਰ ਕੋਟਲਾ ਬੁਚੜ ਬੱਧ ਦਾ ਬਹਾਨਾ ਬਣਾ ਅੰਗਰੇਜ਼-ਸਰਕਾਰ ਨੇ ਇਲਤਵਾ ਵਿਚ ਪਾ ਦਿਤਾ । ੭੫ ਸਿੰਘਾਂ ਨੂੰ ਫਾਹੇ ਲਾ ਅਤੇ ਤੋਪਾਂ ਅਗੇ ਉਡਾਅ, ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਰਵਾਸਤ ਕਰ ਸਮੂਹ ਨਾਮਧਾਰੀਆਂ (ਕੂਕਿਆਂ) ਨੂੰ ਜ਼ੁਰਾਇਮ ਪੇਸ਼ਾ ਗਰਦਾਨ ਦਿਤਾ ਅਤੇ ਭੈਣੀ ਸਾਹਿਬ ਨੂੰ ਪੰਦਰਾਂ ਸਾਲਾਂ ਦੇ ਹੁਲਾਰੇ ਦੇ ਜੀਵਨ ਬਾਅਦ ਉਹ ਦਿਨ ਵੀ ਵੇਖਣੇ ਪਏ ਜਦੋਂ ਗਏ ਗੁਜ਼ਰੇ ਬੰਦੇ ਵੀ ਨਾਦਰ ਖਾਂ ਤੋਂ ਵੱਧ ਆਕੜ ਵਖਾਂਦੇ । ਗੁਰਦੁਆਰੇ ਦੇ ਦਰਾਂ ਮੂਹਰੇ ਪੁਲਿਸ ਚੌਕੀ ਪੈ ਗਈ ਜਿਸ ਵਿਚ ਛਾਂਟਵੇਂ ਸਿਖ ਵਿਰੋਧੀ ਅਨਸਰ ਨੂੰ ਹਵਾਲਦਾਰੀਆਂ ਅਤੇ ਚੌਕੀਦਾਰੀਆਂ ਦਿਤੀਆਂ ਜਾਂਦੀਆਂ ।

ਉਂ ਤਾਂ ਭੈਣੀ ਸਾਹਿਬ ਦੀ ਤਾਰੀਖ਼ ਕੂਕਾ ਮੂਵਮੈਂਟ ਦੀ ਹੀ ਹਿਸਟਰੀ ਹੈ ਪਰ ਅਸੀਂ ਭੈਣੀ ਸਾਹਿਬ ਦੀ ਉਸਾਰੀ ਦਾ ਜ਼ਿਕਰ ਕਰਨ ਲਈ ਹੀ ਮਹਿਦੂਦ ਹਾਂ ।

ਪੰਜ ਵਿਘੇ ਜਗਹ ਭਾਈ ਲਹਿਣਾ ਸਿੰਘ ਦੇ ਸੁਰਗਵਾਸ ਬਾਅਦ ਉਹਦੇ ਸਪੁੱਤਰਾਂ ਸਰਬ ਭਾਈ ਬਿਸ਼ਨ ਸਿੰਘ, ਸੁੰਦਰ ਸਿੰਘ, ਵੰਮਣ ਸਿੰਘ ਅਤੇ ਭਾਈ ਕਿਸ਼ਨ ਸਿੰਘ ਹੁਰਾਂ ਨੇ ਸਤਿਗੁਰਾਂ ਨੂੰ ਹੋਰ ਭੇਟ ਕੀਤੀ । ਸੜਕ ਨਾਲ ਦੀ ਜਗਹ ਵਿਚ ਲਕੜ ਬਾਲਣ ਦਾ ਜ਼ਖੀਰਾ ਸਥਾਪਤ ਹੋ ਗਿਆ । ਇਹ ਗੱਲ ਸਤਿਗੁਰਾਂ ਦੇ ਪਰਦੇਸ ਗਵਨ ਪਿਛੋਂ ਦੀ ਹੈ ।

ਭੈਣੀ ਸਾਹਿਬ ਦਾ ਇਕ ਵਸਨੀਕ ਭਾਈ ਮੱਲਾ ਸਿੰਘ, ਭਜਨ ਪੁਛ ਕੇ, ਨਾਮਧਾਰੀ ਸਜ ਗਿਆ । ਕਿਸੇ ਕਾਰਣ ਉਹਦੀ ਵੰਸ ਨ ਵਧੀ, ਅਤੇ ਉਸ ਨੇ, ਗੁਰੂ ਘਰ ਵਿਚ, ਹਰ ਆਏ ਗਏ ਦੀ ਸੇਵਾ ਹੁੰਦੀ ਵੇਖ ਕੇ, ਭਜਨ, ਪੂਜਾ ਪਾਠ ਦੀ ਨਿਰੰਤਰਤਾ ਤਕ ਕੇ, ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ ਜਾਣ ਤੋਂ ਕੁਛ ਸਮਾਂ ਪਿਛੋਂ ਆਪਣੀ ਸਾਰੀ ਜ਼ਮੀਨ ਸਤਿਗੁਰੂ ਹਰੀ ਸਿੰਘ ਜੀ ਨੂੰ

---

* ਚਾਰ ਇਤਿਹਾਸਕ ਬਾਰਾਂ ਮਾਂਹ—ਪੰਨਾ ੧੬, ੧੭, ੧੮



Namdhari Elibrary NamdhariElibrary@gmail.com

ਭੇਟ ਕਰ ਦਿਤੀ ।

ਨਾਮਧਾਰੀ ਸੰਗਤਾਂ ਨੂੰ ਜਾਣਕਾਰੀ ਹੋਵੇਗੀ ਕਿ ਸਤਿਗੁਰੂ ਹਰੀ ਸਿੰਘ ਜੀ ਦੇ ਇਕਾਂਤ-ਨਿਵਾਸ ਵਾਸਤੇ, ਵੱਸੋਂ ਵਾਲੇ ਕਮਰਿਆਂ ਉਤੇ ਇਕ ਚੁਬਾਰਾ ਪਾਇਆ ਗਿਆ, ਜਿਸ ਦਾ ਨਾਮ 'ਗੱਦੀ ਸਾਹਿਬ' ਵਾਲਾ ਚੁਬਾਰਾ ਕਰਕੇ ਪ੍ਰਸਿਧ ਹੈ ।

ਮੰਦਰ ਦੀ ਛੱਤ ਉਤੋਂ ਲੰਘ ਕੇ ਗਲੀ ਉਤੇ ਬਣੇ ਲਕੜੀ ਦੇ ਪੁਲ ਦੁਆਰਾ ਬਾਬਾ ਵੀਰ ਸਿੰਘ ਵਾਲੇ ਚੁਬਾਰੇ ਉਤੇ ਪਹੁੰਚੀਦਾ ਸੀ, ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਪਣੇ ਬਾਲ ਸਖਾਵਾਂ ਨਾਲ ਆਉਣ ਜਾਣ ਸੀ, ਅੱਜ ਨਾ ਉਹ ਚੁਬਾਰਾ ਰਹਿ ਗਿਆ ਹੈ ਨਾ ਹੀ ਗਲੀ ਉਤਲਾ ਲਾਂਘਾ। ਅਤੇ ਜਦੋਂ ਉਹਨਾਂ ਮਕਾਨਾਂ ਦੀਆਂ ਨੀਹਾਂ ਵੀ ਨਹੀਂ ਰਹਿ ਗਈਆਂ ਹੁਣ ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਵਾਨਤ ਨਵੇਂ ਨਕਸ਼ੇ ਅਨੁਸਾਰ ਮੁੜ ਤੋਂ ਉਸਰਣਗੇ ।

ਜਿਹੜਾ ਸਾਡਾ ਅੱਜ ਪਰਮ ਪਵਿੱਤਰ ਅਤੇ ਇਤਿਹਾਸਕ ਲੰਗਰ ਸਥਾਨ ਹੈ, ਇਸ ਦੀ ਪ੍ਰਥਮ ਲੋਹ * ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਵਿਤਰ ਹਸਤ ਕੰਵਲਾਂ ਦੁਆਰਾ ਗੱਡੀ ਹੋਈ ਹੈ । ਇਸ ਤੋਂ ਲੋੜਵੰਦਾਂ ਲਈ ਪਰਸਾਦੇ ਪਕਦਿਆਂ ਸਵਾ ਸਦੀ ਤੋਂ ਵੱਧ ਸਮਾ ਹੋ ਗਿਆ ਹੈ । ਇਸ ਲੋਹ ਨੇ ਛਪੰਞੇ ** ਦੇ ਕਾਲ ਮਾਰੇ ਰਾਜਸਥਾਨੀਆਂ ਦੀਆਂ ਵਾਈ ਵਾਈ ਹਜ਼ਾਰ ਦੀਆਂ ਪੰਗਤਾਂ ਨੂੰ ਦਾਲਾ ਪ੍ਰਸ਼ਾਦਾ ਦਿਤਾ ਹੈ ।

ਇਸ ਲੰਗਰ ਨੂੰ ਪਹਿਲੇ ਸਥਾਨ ਤੇ ਜਿਉਂ ਕਾ ਤਿਉਂ ਰਖਦਿਆਂ ਅਤੇ ਨਿਰੰਤਰ ਲੋਹ ਕਾਰਜ ਚਲਾਂਦਿਆਂ ਵਰਤਮਾਨ ਸਤਿਗੁਰਾਂ ਨੇ ਇਸਨੂੰ ਪੱਕਿਆਂ ਅਰਥਾਤ ਪੱਕੀਆਂ ਇਟਾਂ ਨਾਲ ਅਜਿਹਾ ਪੱਕਾ ਕਰ ਦਿਤਾ ਹੈ ਕਿ ਉਪਰ ਦੋ ਮਨਜ਼ਲਾਂ ਹੋਰ ਤਿਆਰ ਹੋ ਗਈਆਂ ਹਨ ।

ਵਡੇ ਲੰਗਰ, ਜਿਸ ਵਿਚ ਨਲਕੇ ਦਾ ਪਾਣੀ ਪੀਣ ਵਾਲਾ ਕੋਈ ਵੀ ਵਿਅਕਤੀ ਨਹੀਂ ਜਾ ਸਕਦਾ ਇਸ ਦੇ ਪਰਵੇਸ ਦੁਆਰ ਤੋਂ ਸੱਜੇ ਪਾਸਿਓਂ ਤੁਰ ਹਲਟੀ ਵਾਲੇ ਖੂਹ ਅਰਥਾਤ ਗੁਰਦੁਆਰੇ ਦੀ ਡਿਉਢੀ ਵੱਲ ਜੇ ਆਈਏ, ਤਾਂ ਇਸ ਲੰਬਾਈ ਤੇ ਲੰਗਰ ਗਲੀ ਵਲ ਮੂੰਹ ਖੁਲਦੇ ੪-੫ ਕਮਰੇ ਹੋਇਆ ਕਰਦੇ ਸਨ ਜਿਨ੍ਹਾਂ ਦੇ ਉਤੇ ਚੁਬਾਰੇ ਹੁੰਦ ਸਨ । ਇਹਨਾਂ ਦੇ ਹੇਠਲੇ ਕਮਰਿਆਂ ਵਿਚ ਬੀਬੀ ਨੰਦਾਂ, ਸਤਿਗੁਰੂ ਰਾਮ ਸਿੰਘ ਜੀ ਦੀ ਵੱਡੀ ਪੁੱਤਰੀ ਦੀ ਸੰਤਾਨ ਭਾਈ ਸੂਰਤ ਸਿੰਘ ਆਦਿ ਅਤੇ ਉਪਰਲੇ ਚੁਬਾਰੇ ਵਿਚ ਭੈਣੀ ਸਾਹਿਬ ਦਾ, ਗੁਰੂ ਹਰੀ ਸਿੰਘ ਜੀ ਦੇ ਸਮਿਆਂ ਤੋਂ ਤੁਰਿਆ ਆਉਂਦਾ, ਸਤਿਗੁਰਾਂ ਦਾ ਮੁਖਤਾਰਿਆਮ ਮਹੰਤ ਸੇਵਾ ਸਿੰਘ, ਸੁਧਾਰੀ ਮਾਜਰਾ, ਜ਼ਿਲਾ ਅੰਬਾਲਾ, ਦਾ ਡੇਰਾ ਸੀ ।

ਅਤੇ ਇਹਨਾਂ ਹੇਠਲੇ ਕਮਰਿਆਂ ਦੀ ਪਿੱਠ ਪਿਛੇ ਖੁਲ੍ਹਾ ਰਾਹ ਸੀ, ਜਿਥੇ ਕਦੇ ਭੈਣੀ ਸਾਹਿਬ ਆਇਆਂ ਭਾਰਤ ਦੇ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ, ਰਾਸ਼ਟਰ ਦੇ ਪ੍ਰਥਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ, ਲੁਧਿਆਣਾ ਪੀਪਲਜ਼ ਕਾਨਫਰੰਸ (੧੯੩੯) ਸਮੇਂ ਘੋੜਿਆਂ ਉਤੇ ਜਲੂਸ ਨਿਕਲਿਆ ਸੀ । ਇਹ ਭੈਣੀ ਸਾਹਿਬ ਵਲੋਂ ਰਾਜਸੀ ਨੇਤਾਵਾਂ ਦਾ ਪ੍ਰਥਮ ਸਤਿਕਾਰ ਸੀ ਜਦੋਂ ਕਿ ਬ੍ਰਿਟਿਸ਼ ਰਾਜ ਸਮੇਂ ਸੈਂਕੜੇ ਦੇਸ਼ ਭਗਤਾਂ ਦੀ ਭੈਣੀ ਸਾਹਿਬ ਖੁਫ਼ੀਆ ਪਨਾਹਗਾਹ ਵੀ ਰਿਹਾ ।

### ਲਾਵਾਰਸ ਵਾਰਸ

ਜਿਸ ਰਾਮ ਸਰੋਵਰ ਵਿਚ ਅਸੀਂ ਸ਼ਨਾਨ ਕਰਕੇ ਪਵਿੱਤਰ ਅਤੇ ਰੋਗ ਮੁਕਤ ਹੁੰਦੇ ਹਾਂ, ਜਿਥੇ ਕਾਗ ਨਹਾ ਕੇ ਹੰਸੁਲੇ ਹੋ ਜਾਂਦੇ ਹਨ, ਇਹ ਥਾਂ ਵੀ ਭਾਈ ਲਹਿਣਾ ਸਿੰਘ ਦੇ ਸਿਦਕ ਦਾ

* ਅਮਰ ਲੋਹ ** ਸੰਮਤ ੧੯੫੬ ਬਿਕਰਮੀ



Namdhari Elibrary NamdhariElibrary@gmail.com

ਸਿੱਟਾ ਹੈ। ਉਸਨੇ ਸੁਖ ਨਾਲ ਇਹ ਥਾਂ ਤਬਾਦਲਾ ਕਰਕੇ ਗੁਰੂਕਿਆਂ ਨੂੰ ਅਰਪਣ ਕੀਤੀ ਸੀ। ਉਸਨੇ ਸਤਿਗੁਰੂ ਰਾਮ ਸਿੰਘ ਆਪਣੇ ਆੜੀ, ਮਿਤਰ, ਪਿਆਰੇ ਅਤੇ ਸ਼ਰਧਾ ਸਤਿਕਾਰ ਕੇਂਦਰ ਨੂੰ ਰਾਈਆਂ ਤੋਂ ਮੋੜ ਲਿਆਉਣ ਲਗਿਆਂ ਸ੍ਰੀ ਜੀ ਦੇ ਕਹਿਣ ਤੇ 'ਲਹਿਣਾ ਸਿੰਘਾ ਲੈ ਤਾਂ ਚੱਲਿਆ ਏਂ, ਨਿਬਾਹੇਂਗਾ ਵੀ' ਦੇ ਉਤਰ ਵਿਚ ਦੂਰ ਰਸੀ ਸਬਦ ਕਹੇ ਸਨ: "ਦੀਨਾ ਬੰਧੂ, ਤੇਰੇ ਨਿਬਾਹਿਆਂ ਹੀ ਨਿਭੇਗੀ, ਮੈਂ ਕੌਣ ਵਿਚਾਰਾ !" ਪਰ ਸਤਿਗੁਰਾਂ ਦੀ ਕਿਰਪਾ ਨਾਲ ਉਹ ਖ਼ੂਬ ਨਿਬਾਹ ਗਿਆ। ਨਾ ਸਿਰਫ਼ ਉਸ ਨੇ ਨਿਬਾਹੀ ਉਹਦੇ ਪੁੱਤ-ਪੋਤਰੇ ਵੀ ਗੁਰੂ ਕੇ ਦਾਸ ਬਣ ਕੇ ਰਹੇ। ਇਕ ਭਾਈ ਲਾਲ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਰਥਵਾਹੀਏ ਹੋਣ ਦਾ ਮਾਣ ਦਿਤਾ। ਉਹ ਜੀਵਨ ਪ੍ਰਯੰਤ ਸਤਿਗੁਰੂ ਜੀ ਦੀ ਕਾਰ ਦਾ ਡਰਾਈਵਰ ਰਿਹਾ। ਭਾਈ ਗੁਰਬਖ਼ਸ਼ ਸਿੰਘ ਅਮਲੀ ਨੂੰ ਹੀ ਲਓ। ਉਸ ਨੇ ਸਾਡੇ ਵਰਤਮਾਨ ਸਤਿਗੁਰੂ ਜੀ ਦਾ ਬਚਪਨ ਤੇ ਕਿਸ਼ੋਰ ਅਵਸਥਾ ਆਪਣੇ ਹੱਥਾਂ ਨਾਲ ਖਿਡਾਈ।

ਗੁਰੂ ਘਰ ਦੀਆਂ ਸਵਾਮਿਨਾਂ ਜਾਂ ਇੰਜ ਕਹਿ ਲਈਏ ਸਤਿਗੁਰਾਂ ਤੋਂ ਉਤਰ ਕੇ ਪ੍ਰਥਮ ਵਾਰਿਸ ਇਸਤਰੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਤਾਂ ੧੮੭੧ ਈ:ਵਿਚ ਹੀ ਪੂਰੇ ਹੋ ਗਏ ਸਨ। ਗੁਰੂ ਹਰੀ ਸਿੰਘ ਜੀ ਦੀ ਪਹਿਲੇ ਮਹਿਲ ਬੀਬੀ ਸਾਹਿਬ ਕੌਰ ਦਮੇ ਦੇ ਮਰੀਜ਼ ਸਨ ਉਨ੍ਹਾਂ ਦੇ ਗੁਜ਼ਰਨ ਦਾ ਕੋਈ ਸੰਨ ਸੰਮਤ ਨਹੀਂ ਮਿਲਦਾ।

ਭੈਣੀ ਸਾਹਿਬ ਡੇਰੇ ਦੀ ਸਾਧ ਸੰਗਤ ਨੇ ਅਤੇ ਕੰਧਾਂ ਕਮਰਿਆਂ ਨੇ ਆਮ ਕਰਕੇ, ਪਿੰਡ ਦੀਆਂ ਦੀਵਾਰਾਂ ਨੇ ਖਾਸ ਕਰਕੇ ਆਪਣੇ ਆਪਣੇ ਪੱਖ ਤੋਂ ਬੜਾ ਮਹਿਸੂਸ ਕੀਤਾ ਕਿ ਇਸ ਮਹਾਨ ਸ਼ੋਭਾ ਭਰੇ ਘਰ, ਗੁਰੂ ਘਰ ਦਾ ਵਾਰਸ ਕੌਣ ਹੋਵੇਗਾ, ਕਿਉਂਕਿ ਨਰ ਸੰਤਾਨ ਦੀ ਥੁੜ੍ਹ ਸੀ। ੧੮੮੭ ਈਸਵੀ ਤਕ ਅਜਿਹੀ ਚਰਚਾ ਸਮਾਜ ਪ੍ਰੇਮੀਆਂ ਅਤੇ ਪਿੰਡ ਵਾਲਿਆਂ ਵਿਚ ਹੋ ਹੀ ਜਾਂਦੀ।

ਨਾਮਧਾਰੀ ਤਾਂ ਵਾਰਿਸ ਚਾਹੁੰਦੇ ਸਨ ਗੁਰਗੱਦੀ ਸੰਭਾਲ ਅਤੇ ਆਪਣੀਆਂ ਭਾਵਨਾਵਾਂ ਦਾ ਕੇਂਦਰ ਸਥਾਪਤ ਕਰਨ ਲਈ ਪਰ ਪਿੰਡ ਦੇ ਜੱਟ ਵਾਰਿਸ ਦੇ ਨਾ ਹੋਣ ਤੇ ਅੰਦਰ ਹੀ ਅੰਦਰ ਖ਼ੁਸ਼ੀ ਮਹਿਸੂਸ ਕਰਦੇ ਕਿ ਕੂਕਿਆਂ ਦੀ ਮੋਹੜੀ ਪੁੱਟੀ ਹੀ ਜਾਵੇਗੀ ਹੁਣ। ਸਰਕਾਰ ਅੰਗਰੇਜ਼ ਇਹਨਾਂ ਦੇ ਪੂਰੀ ਤਰ੍ਹਾਂ ਖਿਲਾਫ਼ ਹੈ, ਦੇਖੋ ਇਹਨਾਂ ਦੇ ਘਰ ਦੀਵਾ ਨਹੀਂ ਬਲਣਾ, ਗੱਲ ਮੁੱਕੀ ਕਿ ਮੁੱਕੀ। ਇਹ ਸਾਰੀਆਂ ਥਾਵਾਂ ਸਾਡੇ ਕਬਜ਼ੇ ਵਿਚ ਹੋਣਗੀਆਂ ਅੰਤ ਨੂੰ !

ਸਤਿਗੁਰੂ ਹਰੀ ਸਿੰਘ ਜੀ ਉਸ ਵੇਲੇ ੬੯ ਸਾਲਾਂ ਦੇ ਸਨ ਜਦੋਂ ਭੈਣੀ ਸਾਹਿਬ ਡੇਰੇ ਦੇ ਮਾਲਿਕ ਦੇ ਘਰ ਦੋ ਦੇਵੀਆਂ ਜੀਵਨ ਕੌਰ ਅਤੇ ਫਤਹ ਕੌਰ ਮਹਿਲਾਂ ਦੇ ਰੂਪ ਵਿਚ ਆਈਆਂ। ਨਿਸਚੇ ਹੀ ਇਹਨਾਂ ਦਾ ਆਗਮਨ ਭੈਣੀ ਸਾਹਿਬ ਲਈ ਲਛਮੀਆਂ ਦਾ ਵਾਸ ਅਤੇ ਸ਼ੁਭ ਲੱਛਣ ਸੀ।

ਸ੍ਰੀ ਭੈਣੀ ਸਾਹਿਬ ਨੇ ੧੮੯੦ ਵਿਚ ਖੁਸ਼ੀਆਂ ਦੇ ਸ਼ਾਦੀਆਨੇ ਵਜਦੇ ਅਤੇ ਗੁੜ, ਪਤਾਸੇ, ਮਿਸਰੀਆ, ਕੜਾਹ ਪ੍ਰਸਾਦ ਦੁਆਰਾ ਵਧਾਈਆਂ ਵਟਾਈਆਂ ਜਾਂਦੀਆਂ ਸੁਣੀਆਂ ਵੇਖੀਆਂ ਜਦੋਂ ਗੁਰੂ ਹਰੀ ਸਿੰਘ ਜੀ ਦੇ ਚੁਬਾਰੇ ਹੇਠਲੇ ਕਮਰੇ ਵਿਚ ਮਾਤਾ ਜੀਉਣ ਕੌਰ ਜੀ ਦੁਆਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਪਰਗਟ ਹੋਏ। ਇਸ ਖ਼ਬਰ ਨੇ ਸਮੁਚੇ ਨਾਮਧਾਰੀ ਜਗਤ ਵਿਚ ਮੁਬਾਰਕਾਂ ਦਾ ਇਕ ਅਮੁਕ ਸਿਲਸਿਲਾ ਆਰੰਭ ਦਿਤਾ। ਇਸ ਪਰਮ ਪ੍ਰਤਾਪੀ ਬਾਲ ਦੇ ਜਨਮ ਲੈਣ ਨਾਲ, ਗੁਰੂ ਰਾਮ ਸਿੰਘ ਜੀ, ਉਹਨਾਂ ਦੇ ਪਿਤਾ ਜੱਸਾ ਸਿੰਘ ਅਤੇ ਮੇਰੇ ਪਿੰਡ ਡਵਰਕੇ (ਜ਼ਿਲਾ ਲਾਹੌਰ)



Namdhari Elibrary NamdhariElibrary@gmail.com

ਦੇ ਬਾਬਾ ਸ਼ੇਰ ਸਿੰਘ ਦੇ ਬਚਨ ਅਤੇ ਸੱਧਰਾਂ ਪੂਰਨ ਹੋਈਆਂ ।

## ਨਵੇਂ ਜੁਗ ਦਾ ਸੂਤਰਪਾਤ

ਇਸ ਸਮੇਂ ਭੈਣੀ ਸਾਹਿਬ ਡੇਰੇ ਪਾਸ ਦੋ ਕਮਰੇ ਗੁਰੂ ਕ ਪਰਵਾਰ ਦੀ ਨਿਜੀ ਵਰਤੋਂ ਲਈ, ਇਕ ਛੋਟਾ ਲੰਗਰ, ਇਕ ਏਸੇ ਵਿਹੜੇ ਵਿਚ ਹੱਟੀ, ਨਿਵਾਸ ਕਮਰਿਆਂ ਉੱਪਰ ਇਕ ਚੁਬਾਰਾ ਗੱਦੀ ਸਾਹਿਬ, ਅੰਨ ਭੰਡਾਰ ਲਈ ਦੋ ਕੋਠੜੀਆਂ, ਗੁਰੂ ਰਾਮ ਸਿੰਘ ਜੀ ਵਾਲਾ ਮੰਦਰ, ਡਿਊਢੀ ਅਤੇ ਨਾਲ ਲਗਦਾ ਸਟੋਰ ਕਮਰਾ ਸੀ । ੬ ਕਮਰੇ, ਦੋ ਚੁਬਾਰੇ ਵਡੇ ਲੰਗਰ ਤੋਂ ਤੁਰਦੇ ਹਲਟੀ ਤਕ, ਅਤੇ ਦੋ ਚਾਰ ਪਸ਼ੂਆਂ ਲਈ ਕੋਠੇ ਸਨ । ਇਹ ਸਾਰੇ ਹੀ ਕੱਚੀਆਂ ਇੱਟਾਂ ਦੇ ਅਤੇ ਲਿਪੀ ਪੋਚੀ ਮੰਗਦੇ ਰਹਿੰਦ ਸਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਗਟ ਹੋਣ ਨਾਲ ਨਿਰਾਸਤਾ ਆਸ਼ਾ ਵਿਚ ਬਦਲ ਗਈ ਅਤੇ ਜਿਉਂ ਜਿਉਂ ਸਤਿਗੁਰੂ ਜੀ ਆਯੂ-ਜ਼ੀਨੇ ਦੀਆਂ ਉਪਰਲੀਆਂ ਸੀੜ੍ਹੀਆਂ ਵ ੨ ਵਧੇ ਤਿਉਂ ਤਿਉਂ ਗੁਰੂ ਘਰ ਦਾ ਪੁੰਨ ਪਰਤਾਪ ਵੀ ਦਿਨ ਦੂਗਣਾ ਰਾਤ ਚੋਗੁਣਾ ਹੋ ਕੇ ਵਧਣ ਲਗਾ ।

ਮਹੰਤ ਸੇਵਾ ਸਿੰਘ ਸੁਧਾਰੀ ਮਾਜਰਾ, ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਡੇਰੇ ਦਾ ਪਹਿਲਾ ਪ੍ਰਬੰਧ ਮੁਖੀ, ਬੜਾ ਚਤੁਰ ਪੁਰਸ਼ ਸੀ । ਇਹ ਸਤਿਗੁਰਾਂ ਦਾ ਮੁਖ਼ਤਾਰਿਆਮ ਵੀ ਸੀ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਇਹਦੀ ਮੁਖਤਾਰੀ ਚਲਦੀ ਰਹੀ । ਇਸ ਨੇ ਭਾਈ ਮੱਲ ਸਿੰਘ ਵਾਲੀ ਜ਼ਮੀਨ ਦੂਰ ਪਸਿਤਿਉਂ, ਵੱਟੇ ਸੱਟੇ ਕਰ, ਕੁਝ ਵਾਧੂ ਦੇ ਦਵਾ ਡੇਰੇ ਦੇ ਵਸੀਵੇਂ ਦੇ ਨਾਲ ਲੈ ਆਂਦੀ ।

## ਰਾਮ ਸਰੋਵਰ ਨ੍ਹਾਤੇ

੧੯੬੭ ਈਸਵੀ ਵਿਚ ਜਦੋਂ ਇਸ ਥਾਂ ਦੇ ਕੁਛ ਹਿੱਸੇ ਨੂੰ ਸਰੋਵਰ ਦੀ ਸਥਾਪਨਾ ਹਿਤ ਪੁਟਣਾ-ਪੁਟਾਣਾ ਸ਼ੁਰੂ ਕੀਤਾ ਤਾਂ ਪਿੰਡ ਵਿਚਲੇ ਵਿਰੋਧੀਆਂ ਨੂੰ ਫਿਰ ਮੌਕਾ ਮਿਲ ਗਿਆ । ਉਹਨਾਂ ਰੌਲਾ ਪਾਇਆ ਕਿ ਇਹ ਥਾਂ ਤਾਂ ਸੁਖੂ ਕੇ ਪਰਵਾਰ ਦੀ ਹੈ, ਕੂਕੇ ਏਥੇ ਜਬਰੀ ਕਬਜ਼ਾ ਕਰਨ ਆ ਲਗੇ ਹਨ । ਤਹਿਸੀਲ ਅਤੇ ਪੁਲਿਸ ਦੇ ਅਧਿਕਾਰੀ ਮੌਕਾ ਵੇਖਣ ਆਏ ਤਾਂ ਗੁਰੂ ਹਰੀ ਸਿੰਘ ਜੀ ਨੇ ਉਹਨਾਂ ਨੂੰ ਦੱਸਿਆ ਕਿ ਉਹਨਾਂ ਦੇ ਵਡੇ ਵੀਰ ਸਤਿਗੁਰੂ ਰਾਮ ਸਿੰਘ ਜੀ ਨੇ ਏਥੇ ੩੦ ਸਾਲ ਪਹਿਲਾਂ ਦੇ ਰੁਖ ਲਗਾਏ ਅਤੇ ਉਨ੍ਹਾਂ ਨੂੰ ਪਾਣੀ ਦਿਤਾ ਹੈ । ਏਥੇ ਹੀ ਉਹ ਤਪ ਸਥਾਨ ਅਤੇ ਪੁਰਾਤਨ ਸਰੋਵਰ ਹੈ ਜਿਸ ਦੇ ਕਿਨਾਰੇ ਬੈਠ ਕੇ ਅਸਾਂ ਦੁਹਾਂ ਭਰਾਵਾਂ ਪਹਿਲੇ ਸਮਿਆਂ ਵਿਚ ਤਪੱਸਿਆ ਕੀਤੀ । ਓਦੋਂ ਹੀ ਇਕ ਫਲਾਹੀ ਦੇ ਰੁਖ ਦੀਆਂ ਜੜ੍ਹਾਂ ਹੇਠੋਂ ਹਵਨ ਕੁੰਡ ਕੱਢ ਕੇ ਹਾਕਮਾਂ ਨੂੰ ਸਪਸ਼ਟ ਕੀਤਾ ਗਿਆ ਕਿ ਇਹ ਬੰਧੇ ਹਵਨ ਕੋਲੇ ਉਸ ਸਮੇਂ ਦੀ ਗਵਾਹੀ ਦੇ ਰਹੇ ਹਨ । ਕਬਜ਼ਾ ਬਹਾਲ ਰਿਹਾ ।

ਚੇਤੇ ਰਹਿਣਾ ਚਾਹੀਦਾ ਹੈ ਕਿ ਇਸ ਸਰੋਵਰ ਦੀ ਪੁਟਾਈ ਸਮੇਂ, ਸੰਤ ਰਣ ਸਿੰਘ ਪਿੰਡ ਖਮਾਣੋਂ ਜ਼ਿਲਾ ਲੁਧਿਆਣਾ, ਇਕ ਰੇਤ ਮਿਲੀ ਮਿੱਟੀ ਦੀ ਢਿੱਗ ਡਿੱਗ ਪੈਣ ਨਾਲ ਉਹਦੇ ਹੇਠ ਆ ਕੇ ਪੂਰਾ ਹੋ ਗਿਆ ਸੀ । ਸੰਤ ਸੁਹੇਲ ਸਿੰਘ ਪਿੰਡ ਬਿਲਗਾ ਜਿਲਾ ਜਲੰਧਰ ਅਤੇ ਸੰਤ ਦਾਨ ਸਿੰਘ ਪਿੰਡ ਰੋੜੇ ਜ਼ਿਲਾ ਫੀਰੋਜ਼ਪੁਰ ਦੇ ਨਾਮ ਵੀ ਸਰੋਵਰ ਦੇ ਪੁਟਣ ਦੀ ਸੇਵਾ ਕਰਨ ਵਾਲਿਆਂ ਦਾ ਇਤਿਹਾਸ ਦੱਸਦੇ ਹਨ ।

ਤਾਲਾਬ ਬਣ ਗਿਆ ਤਾਂ ਹੋਰ ਵਿਉਂਤਾਂ ਸੁਝਣ ਲੱਗੀਆਂ ।

## ਰਾਮ ਸਰ ਕੋਠੀ

ਪ੍ਰਤੀਤ ਹੁੰਦਾ ਹੈ ਕਿ ਸ੍ਰੀ ਮਾਤਾ ਜੀਉਣ ਕੌਰ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ



Namdhari Elibrary NamdhariElibrary@gmail.com

ਨਾਲ ਸਲਾਹ ਕਰਕੇ, ਮਹੰਤ ਸੇਵਾ ਸਿੰਘ ਨੇ ਆਉਣ ਵਾਲੇ ਸਤਿਗੁਰੂ ਜੀ ਦੀ ਜ਼ਰੂਰਤ ਨੂੰ ਮੁਖ ਰਖ ਰਾਮ ਸਰ ਇਲਾਕੇ ਵਾਲੀ, ਭਾਈ ਮੱਲਾ ਸਿੰਘ ਵਾਲੀ, ਵੱਟੇ ਸੱਟਾ ਕਰ ਲਿਆਂਦੀ, ਜ਼ਮੀਨ ਵਿਚ ਦੀ ਰਾਹ ਬਣਾ ਕੇ ਇਸਦੇ ਨਾਲ ਨਾਲ ਆਬਾਦੀ ਦੀ ਵਿਉਂਤ ਬਣਾ ਲਈ, ਅਤੇ ਤਾਲਾਬ ਦੇ ਨਜ਼ਦੀਕ ੧੦ ਸਾਲ ਆਯੂ ਦੇ ਵਾਰਸ ਸਤਿਗੁਰੂ ਜੀ ਲਈ ਇਕ ਪਰਮ ਇਕਾਂਤ ਕੋਠੀ ਦੀ ਰਚਨਾ ਪਹਿਲ ਪ੍ਰਥਮੇ ਸ਼ੁਰੂ ਕਰ ਦਿਤੀ। ਚੁਫੇਰੇ ਵਰਾਂਡੇ ਵਾਲੀ ਇਕ ਕਮਰੇ ਦੀ ਕੋਠੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਾਲ ਜੀਵਨ ਦੀ ਯਾਦਗਾਰ ਹੈ। ਇਹ ੧੯੯੮ ਈਸਵੀ ਦੀ ਗੱਲ ਹੈ।

ਭੈਣੀ ਸਾਹਿਬ ਗੁਰਦੁਆਰੇ ਦੇ ਉੱਤਰੀ ਮੁਖ ਦੁਆਰ ਦੇ ਨਾਲ ਨਾਲ ਰਾਹ ਦੇ ਦੋਹੀਂ ਪਾਸੀਂ ਚੜ੍ਹਦੇ ਪਾਸੇ ਜ਼ਿਮੀਂਦਾਰਾਂ ਦੇ, ਲਹਿੰਦੇ ਪਾਸੇ ਮਿਸਤਰੀ ਸਿੰਘਾਂ ਅਤੇ ਦਰਜ਼ੀ ਸਿੰਘਾਂ ਦੇ ਘਰ ਸਨ। ਉਸ ਵੇਲੇ ਸੰਤ ਵੀਰ ਸਿੰਘ ਬਿਸ਼ਨ ਸਿੰਘ ਆਦਿ ਦਰਜ਼ੀਆਂ ਦੇ ਘਰ, ਗੁਰੂ ਘਰ ਦੇ ਅਤੇ ਸਿੰਘਾਂ ਲਈ, ਨਾਮਧਾਰੀ ਕਾਟ ਦੇ ਕਪੜੇ ਏਥੇ ਹੀ ਸਿਉਂਦੇ ਰਹੇ। ਗਿਆਨੀ ਬਲਵੰਤ ਸਿੰਘ ਸਾਡੇ ਸਹਿਪਾਠੀ ਦੇ ਪਿਤਾ ਸੰਤ ਕਿਰਪਾਲ ਸਿੰਘ ਦਾ ਘਰ ਵੀ ਏਸੇ ਲਾਈਨ ਵਿਚ ਸੀ। ਕਿਰਪਾਲ ਸਿੰਘ ਜੀ ਦੀ ਲੜਕੀ ਸੰਤ ਕੌਰ ਸੰਤ ਜਗਤ ਸਿੰਘ ਦੀ ਪਤਨੀ ਸੀ, ਜਿਥੇ ਅਜ ਕਲ ਆਓ ਭਗਤ ਬਿਲਡਿੰਗ ਹੈ ਏਥੇ ਕੱਚੇ ਕਮਰਿਆਂ ਦਾ ਇਕ ਤਰੜਾ ਜੁੱਟ ਸੀ ਇਥੇ ਖੂਹੀ ਦੇ ਦੁਆਲੇ ਅਨੰਤਾ ਸਿੰਘ, ਜਗਤ ਸਿੰਘ ਦਾ ਦਰਜ਼ੀਖਾਨਾ, ਭੈਣੀ ਸਾਹਿਬ ਦਾ ਪਹਿਲਾ ਨਾਮਧਾਰੀ ਵਿਦਿਆਲਾ, ਅਤੇ ਕੁਝ ਸੇਵਕਾਂ ਦੇ ਕਮਰੇ ਸਨ। ਪਿਛੇਂ ਜਾ ਕੇ ਮੁਸੱਵਰ ਵਰਿਆਮ ਸਿੰਘ ਅਤੇ ਸੰਤ ਕਰਤਾਰ ਸਿੰਘ ਆਢੋ ਆਦਿ ਦੀ ਵਸੋਂ ਹੋਈ।

ਆਓ ਭਗਤ ਬਿਲਡਿੰਗ ਦੇ ਉੱਤਰੀ ਅੱਧ ਵਲ ਕਦੇ ਰਵਿਦਾਸੀਆਂ ਅਤੇ ਮਜ਼ਹਬੀਆਂ ਦਾ ਬੁੰਗਾ ਹੁੰਦਾ ਸੀ। ਇਕ ਖੂਹੀ ਏਥੇ ਵੀ ਸੀ ਜੁ ਅੱਜ ਵੀ ਵਿਦਮਾਨ ਹੈ। ਇਹ ਸਾਰੇ ਕੱਚੇ ਕੋਠੇ ਹੀ ਸਨ, ਵਿਰਲੀ ਕਿਤੇ ਪੱਕੀ ਇੱਟ ਦਿਸਦੀ ਸੀ। ਇਕ ਵਾਰ ਇਹ ਬੁੰਗੇ ਸਾਫ਼ ਕਰਕੇ ਏਥੇ ਇਕ ਲਾਈਨ ਕਚੇ ਕਮਰਿਆਂ ਦੀ ਪੈ ਗਈ ਜਿਸ ਵਿਚ ਸੰਤ ਲਾਲ ਸਿੰਘ ਗੁੱਡੀ (ਇਕ ਸੁਹਲ ਤੇ ਦਿਲਰੁਬਾ ਦਾ ਕਲਾਕਾਰ ਵਿਅਕਤੀ) ਆਦਿ ਉਸ ਵੇਲੇ ਦੇ ਸਿੰਘਾਂ ਦਾ ਸੀ। ਰਾਮਸਰ ਵਾਲੇ ਆਓ ਭਗਤ ਚੌਂਕ ਵਿਚਲੇ ਪਿਪਲ ਦੇ ਨਾਲ ਇਕ ੪ ਫੁਟ ਉੱਚਾ ਥੜਾ ਸੀ ਜਿਥੇ ਦੋ ਵੇਲੇ ਦੇ ਦੀਵਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਜਦੇ ਰਹੇ।

ਜਿਥੇ ਅੱਜ ਕਲ ਸਤਿਗੁਰਾਂ ਦੇ ਨਿਜੀ ਸਕਤਰ ਦਾ ਦਫ਼ਤਰ ਹੈ (ਇਹ ਵੀ ਹੁਣ ਢਾਹ ਦੇਣ ਦਾ ਪ੍ਰੋਗਰਾਮ ਹੈ) ਏਥੇ ਏਸੇ ਤਰ੍ਹਾਂ ਕੱਚੇ ਕਮਰਿਆਂ ਦਾ ਇਕ ਲੜ੍ਹਾ ਵਰਤਮਾਨ ਕੋਠੀ ਲਾਂਘੇ ਤਕ ਜਾਂਦਾ ਸੀ ਅਤੇ ਇਸ ਵਿਚ ਨਿੱਜੀ ਸੇਵਕ ਤੇ ਜ਼ਰੂਰੀ ਆਉਣ-ਜਾਣ ਵਾਲੇ ਰਾਤਾਂ ਕੱਟ ਲੈਂਦੇ ਸਨ। ਮੈਂ ਅਤੇ ਸੰਤ ਗੁਰਦਿਆਲ ਸਿੰਘ ਸੰਪਾਦਕ 'ਸਤਿਜੁਗ' ਪਿੰਡ ਟਹੀ ਜ਼ਿਲਾ ਮਿੰਟਗੁਮਰੀ ਦਫ਼ਤਰ ਵਾਲੇ ਥਾਂ ਦੇ ਕਮਰੇ ਵਿਚ ਰਹਿੰਦੇ ਰਹੇ।

### ਕੁਛ ਪ੍ਰਬੰਧਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੧੯੦੬ ਵਿਚ ਪਿਤਾ ਸਤਿਗੁਰੂ ਹਰੀ ਸਿੰਘ ਜੀ ਦੇ ਦੇਹਾਵਸਾਨ ਸਮੇਂ ਗੁਰਗੱਦੀ ਆਸੀਨ ਹੋਏ ਤਾਂ ਆਪ ਜਵਾਨੀ ਦੀਆਂ ਦਹਿਲੀਜ਼ਾਂ ਤੇ ਪੈਰ ਰਖਣ ਵਾਲੇ ਸਨ। ਜਿਸ ਵੇਲੇ ਡੇਰੇ ਦੇ ਪ੍ਰਬੰਧਕ ਭਾਵੇਂ ਮਹੰਤ ਸੇਵਾ ਸਿੰਘ ਜੀ ਸਨ ਪਰ ਆਮ ਸਪੁਰਦਦਾਰੀ ਮਾਤਾ ਜੀਉਣ ਕੌਰ ਜੀ ਦੇ ਹੱਥ ਸੀ। ਹੱਟੀ ਦੇ ਸੇਵਕ ਸੇਠ ਪ੍ਰੀਤਮ ਸਿੰਘ (ਜਿਸ ਦੀ ਸੰਤਾਨ ਅਜ ਕਲ ਸੰਤ ਨਗਰ, ਜ਼ਿਲਾ ਸਰਸਾ, ਵਿਚ ਹੈ।)ਸੰਤ ਕਿਸ਼ਨ ਸਿੰਘ ਕੰਦਣ ਪੁਰ



Namdhari Elibrary NamdhariElibrary@gmail.com

ਹੁਰਾਂ ਤੋਂ ਇਲਾਵਾ ਸੰਤ ਹਰਨਾਮ ਸਿੰਘ ਨਬਾਣੀਆਂ ਆਦਿ ਕਾਰਿੰਦੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਹੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਭੈਣੀ ਸਾਹਿਬ ਨੂੰ ਸੰਭਾਲਣ ਵਾਲੀ ਪਹਿਲੀ ਟੀਮ ਸੰਤ ਮਸਤਾਨ ਸਿੰਘ ਕਿਆਮ ਪੁਰ (ਸਿਆਲ ਕੋਟ), ਸੰਤ ਇੰਦਰ ਸਿੰਘ ਚੱਕਰਵਰਤੀ, ਪਿੰਡ ਲੱਲਾਂ, ਜ਼ਿਲਾ ਪਟਿਆਲਾ (ਹੁਣ ਜ਼ਿਲਾ ਲੁਧਿਆਣਾ), ਸ: ਗੁਰਮੁਖ ਸਿੰਘ ਝੱਬਰ (ਆਮ ਪ੍ਰਬੰਧ) ਸ: ਭਗਤ ਸਿੰਘ ਘੋੜਿਆਂ ਵਾਲਾ, ਘੋੜਸ਼ਾਲਾ ਮੁਖੀ ਅਤੇ ਸਾਲ ਸਵਾ ਸਾਲ ਦੀ ਪ੍ਰਬੰਧ ਸੇਵਾ ਸ੍ਰੀ ਮਹਾਰਾਜ ਨਿਹਾਲ ਸਿੰਘ ਹੁਰਾਂ ਵੀ ਸੰਭਾਲੀ, ਜਿਨ੍ਹਾਂ ਨਾਲ ਸਕੱਤਰੀ ਕਰਨ ਦਾ ਮੈਨੂੰ ਵੀ ਅਵਸਰ ਮਿਲਿਆ।

ਮਹਾਰਾਜ ਨਿਹਾਲ ਸਿੰਘ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਅਨੰਦ ਕਾਰਜਾਂ ਤੋਂ ਪਹਿਲਾਂ ਚਾਰ ਕਮਰੇ ਗੱਦੀ ਸਾਹਿਬ ਵਾਲੇ ਚੁਬਾਰੇ ਹੇਠਾਂ ਅੰਨ ਭੰਡਾਰ ਦੇ ਨਾਲ ਕਰਕੇ ਸ਼ਹਿਰੀ ਤਰਜ਼ ਦੇ ਬਣਾਏ ਗਏ ਪਰ ਇਹ ਵੀ ਕੱਚੇ ਸਨ। ਇਨ੍ਹਾਂ ਵਿਚ ਰਹਿਣ ਵਾਲੀਆਂ ਉਤਰੀ ਭਾਰਤ ਦੀ ਰਾਜਧਾਨੀ ਲਾਹੌਰ ਸ਼ਹਿਰ ਦੇ ਉਘੇ ਮਾਰਬਲ ਵਪਾਰੀ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀਆਂ ਸਪੁਤਰੀਆਂ ਬੀਬੀ ਸਤਵੰਤ ਕੌਰ ਅਤੇ ਬੀਬੀ ਕਰਤਾਰ ਕੌਰ ਗੁਰੂ ਘਰ ਵਿਖੇ ਨੂੰਹਾਂ ਦੇ ਰੂਪ ਵਿਚ ਆਈਆਂ ਸਨ।

### ਨਵੇਂ ਸਥਾਨ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਭਾਈ ਲਹਿਣਾ ਸਿੰਘ ਦੇ ਪੋਤਰੇ ਸ: ਗੱਜਣ ਸਿੰਘ ਦੇ ਘਰ ਨਾਲ ਪੂਰਬਵਾਲੀ ਜਗਹ ਲੈ ਲਈ ਗਈ, ਜਿਥੇ ਛੱਪਰ ਛੱਤ ਕੇ ਭਾਣੇ ਨੂੰ ਮੁਖ ਰਖ ਆਏ ਪਰਵਾਰਾਂ ਅਤੇ ਗੁਰੂ ਕੇ ਸੇਵਕਾਂ ਦੇ ਵਿਵਾਹਿਤ ਜੋੜਿਆਂ ਨੂੰ ਨਿਵਾਸ ਦਿਤਾ ਗਿਆ। ਗੁਰਦੁਆਰੇ ਦੇ ਘੋੜੇ ਅਤੇ ਪਸ਼ੂਆਂ ਲਈ ਖੁਲ੍ਹੇ ਦੋ ਵਾੜੇ ਵਲ ਲਏ ਗਏ ਅਤੇ ਲੁੜੀਂਦੀ ਕੱਚੀ ਉਸਾਰੀ ਕਰਕੇ ਸੇਵਕ ਸਿੰਘਾਂ ਤੇ ਮੁਖੀਆਂ ਨੂੰ ਨਿਵਾਸ ਦਿਤੇ ਗਏ।

ਸ: ਗੱਜਣ ਸਿੰਘ ਦੇ ਕੱਚੇ ਕੋਠਿਆਂ (ਜਿਥੇ ਅੱਜ ਕਲ ਸੰਤ ਸੰਤੋਖ ਸਿੰਘ ਲਾਂਗਰੀ ਦੀ ਰਿਹਾਇਸ਼ ਹੈ) ਦੇ ਮੂਹਰੇ ਰਸਤਾ ਛੱਡ ਜੋ ਥੰਹੜਾਂ ਅਤੇ ਪੁਲਿਸ ਚੌਂਕੀ ਲਈ ਸਥਾਨ ਸੀ। ਇਸਨੂੰ ਪਿੰਡ ਦਾ ਇਕ ਜੱਟ ਦੇਵਾ ਸਿੰਘ ਆਪਣੀ ਜ਼ਮੀਨ ਦੱਸ ਕੇ ਹਥਿਆਉਣਾ ਚਾਹੁੰਦਾ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇਹ ਕੇਸ ਵੀ ਲੜਕੇ ਕਬਜ਼ਾ ਬਹਾਲ ਰਖਿਆ ਗਿਆ। ਇਹ ਜਗਹ ਸੁੱਖੂ ਨੰਬਰਦਾਰ ਨੇ ਪੁਲਿਸ ਚੌਕੀ ਵਾਸਤੇ ਲਿਖ ਕੇ ਦਿਤੀ ਹੋਈ ਸੀ। ਇਹ ਤਾਂ ਅਜ ਕਲ ਸਭ ਨੂੰ ਪਤਾ ਹੈ ਕਿ ੧੯੨੩ ਤੱਕ, ਜਦੋਂ ਸਤਿਗੁਰੂ ਜੀ ੩੪ ਸਾਲ ਦੇ ਪ੍ਰੌਢ ਸਨ, ਇਹ ਪੁਲਸ ਚੌਂਕੀ, ਰਾਜਸੀ ਦਬਾਉ ਦੇ ਅਧੀਨ ਚੁਕਾ ਦਿਤੀ ਗਈ।

### ਭੁਪਿੰਦਰ ਨਿਵਾਸ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ, ਸਾਡੇ ਵਰਤਮਾਨ ਸਤਿਗੁਰੂ ਅਤੇ ਮਹਾਰਾਜ ਬੀਰ ਸਿੰਘ ਜੀ ਦੀ ਸਤਿਕਾਰ ਯੋਗ ਮਾਤਾ ਭੁਪਿੰਦਰ ਕੌਰ ਜੀ, ਪਿੰਡ ਗੱਦਾਂ ਡੋਬ (ਗੁਰੂ ਸਰ) ਜ਼ਿਲਾ ਫੀਰੋਜ਼ਪੁਰ ਤੋਂ ਆਨੰਦ ਕਾਰਜ ਕਰਵਾ ਕੇ ੧੯੧੫ ਦੋਸਵੀ ਵਿਚ ਸ੍ਰੀ ਮਾਤਾ ਜੀਉਣ ਕੌਰ ਜੀ ਦੀ ਨੂੰਹ ਬਣ ਕੇ ਆਏ। ਇਨ੍ਹਾਂ ਨੂੰ ਨਿਵਾਸ ਗੱਦੀ ਸਾਹਿਬ ਮੂਹਰਲੇ, ਦੁਧ-ਲੰਗਰ ਦੇ ਉਪਰਲੇ ਚੁਬਾਰੇ ਵਿਚ ਮਿਲਿਆ। ਸਾਡੇ ਹਿਰਦੇ ਸਮਰਾਟ ਸਤਿਗੁਰੂ ਜਗਜੀਤ ਸਿੰਘ ਦਾ ੨੨ ਨਵੰਬਰ, ੧੯੨੦ ਵਿਚ ਅਵਤਾਰ ਏਥੇ ਹੀ ਹੋਇਆ। ਮਹਾਰਾਜ ਬੀਰ ਸਿੰਘ ਜੀ ਵੀ ਤਿੰਨ ਸਾਲ ਪਿਛੋਂ ਏਸ ਚੁਬਾਰੇ ਵਿਚ ਜਨਮੇ। ਪੌੜੀਆਂ ਉਤਰ ਕੇ ਵਿਹੜਾ ਅਤੇ ਸਮੱਗਰੀ ਪੂਰਨ ਘਰ ਸੀ। ਇਸ, ਹੇਠਲੇ ਘਰ



Namdhari Elibrary NamdhariElibrary@gmail.com



ਵੱਡਾ ਲੰਗਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਤ ਅਮਰ ਲੋਹ ਜਿਸ ਦੇ ਅੰਦਰ ਹੈ ।



ਲੰਗਰ ਛਕਦੀਆਂ ਸੰਗਤਾਂ

Namdhari Elibrary NamdhariElibrary@gmail com




ਪ੍ਰਕਾਸ਼ ਅਸਥਾਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੁਆਰ ਵਿਚ ਖੜ੍ਹੇ ਹਨ ਸ੍ਰੀ ਮਾਤਾ ਚੰਦ ਕੌਰ ਜੀ

(ਮਹਿਲ ਸਤਿਗੁਰੂ ਜਗਜੀਤ ਸਿੰਘ ਜੀ)

Namdhari Elibrary NamdhariElibrary@gmail com



ਅਕਾਲ ਬੁੰਗਾ

ਤੱਪ ਅਸਥਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail.com

ਦੇ ਵੱਡੇ ਆਂਗਣ ਜਾਂ ਨਾਲ ਲਗਦੇ ਵਰਾਂਡੇ ਵਿਚ ਤ੍ਰਿੰਜਣਾਂ ਦੀ ਸ਼ੋਭਾ ਵਧਦੀ ਜਦੋਂ ਮਾਤਾ ਜੀ ਦੀਆਂ ਤ੍ਰੈਵੇਂ ਨੂੰਹਾਂ ਚਰਖਿਆਂ ਤੇ ਤੰਦ ਕਢਦੀਆਂ। ਨਿਰਸੰਦੇਹ ਪਿੰਡ ਦੀ ਜਮਪਲ ਮਾਤਾ ਭਪਿੰਦਰ ਕੌਰ ਜੀ ਤੋਂ ਖੇਹਨੂੰ ਭਰਿਆ ਭਕੁੰਨਾ ਮਿਲਦਾ।

## ਦੇਸ਼ ਵਿਚ ਵਾਪਰਦੀਆਂ ਤਬਦੀਲੀਆਂ

ਗੁਰੂ ਰਾਮ ਸਿੰਘ ਜੀ ਦੇ ਸਮੇਂ ਭਾਰਤ ਦੇਸ਼ ਦਾ ਸ਼ਾਸਨ ਅੰਗਰੇਜ਼ ਸਰਕਾਰ ਦੇ ਹੱਥ ਸੀ। ਅੰਗਰੇਜ਼ਾਂ ਨੇ ਭੈਣੀ ਸਾਹਿਬ, ਨਾਮਧਾਰੀ ਕੇਂਦਰ, ਨੂੰ ੧੮੬੩ ਤੋਂ ਪਾਬੰਦੀਆਂ ਦਾ ਸ਼ਿਕਾਰ ਬਣਾ ਰਖਿਆ ਸੀ ਜੁ ਸੰਨ ੬੭ ਤਕ ਰਹੀਆਂ, ਪਰ ਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਉਪਰੰਤ ਤਾਂ ਬਰਤਾਨਵੀ ਸਰਕਾਰ ਕੂਕਿਆਂ ਨੂੰ ਕੁਚਲਣ ਲਈ ਹੱਥ ਧੋ ਕੇ ਮਗਰ ਪੈ ਗਈ। ਇਹ ਸਮਾਂ ਗੁਰੂ ਹਰੀ ਸਿੰਘ ਜੀ ਨੇ ਬੜੀ ਸਾਵਧਾਨੀ, ਦ੍ਰਿੜ੍ਹਤਾ, ਨਮਰਤਾ ਅਤੇ ਆਦਰਸ਼ਾਂ ਲਈ ਸਤਰਕ ਰਹਿ ਕੇ ਕੱਟਿਆ। ਆਪ ਜੀ ਨੇ, ਅੱਧੀ ਸਦੀ ਦਾ ਸਮਾਂ ਬੂਹੇ ਬੈਠੀ ਦੁਸ਼ਮਨ ਪੁਲਿਸ ਦੀ ਨਿਗਰਾਨੀ ਵਿਚ ਹੀ ਬਿਤਾਇਆ।

ਪਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਗਮਨ ਤੋਂ ਬਾਅਦ ਬੇਸ਼ਕ ਪੁਲਿਸ ਕਰੜਾਈਆਂ ਕੁਝ ਨਰਮ ਹੋਈਆਂ ਪਰ ੧੬ ਸਾਲ ਤਕ ਦੀ ਕਿਸ਼ੋਰ ਅਵਸਥਾ ਵਿਚ ਅਟਲ ਪ੍ਰਤਾਪੀ ਨੇ ਪੁਲਿਸ ਦੇ ਖ਼ਿਲਾਫ਼ ਅਨੇਕਾਂ ਵਾਰ ਕੌੜੇ ਘੁੱਟ ਭਰੇ। ਦੇਸ਼ ਦੇ ਹਾਲਾਤ ਨੇ ਵੀ ਕਰਵਟ ਲਈ। ਸਤਵੰਜਾ ਦੀ ਬਗਾਵਤ ਨੂੰ ਅੰਗਰੇਜ਼ ਨੇ ਲਾਠੀ, ਗੋਲੀ ਅਤੇ ਬੇਕਿਰਕ ਫੌਜਾਂ ਨਾਲ ਦਬਾਅ ਲਿਆ ਸੀ ਪਰ ਸਤਿਗੁਰੂ ਰਾਮ ਸਿੰਘ ਜੀ ਦੀ ਅਹਿੰਸਕ ਸਿਵਲ ਨਾ-ਫ਼ਰਮਾਨੀ ਨੇ ਮਹਾਤਮਾ ਗਾਂਧੀ ਵਰਗੇ ਦੇਸ਼ ਪ੍ਰੇਮੀ ਨੂੰ ਇਕ ਹੋਰ ਰਸਤਾ ਵੀ ਸੁਝਾਅ ਦਿਤਾ ਸੀ ਅਤੇ ਸਾਰਾ ਦੇਸ਼ ਆਪਣੀ ਗ਼ੁਲਾਮੀ ਦੇ ਖ਼ਿਲਾਫ਼ ਗੰਭੀਰ ਹੋ ਕੇ ਸੋਚਣ ਲਗ ਪਿਆ ਸੀ। ਇਸ ਜਾਗ੍ਰਤੀ ਨੇ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਰੋਹ ਭਰੀ ਅਵਸਥਾ ਵਿਚ ਲੈ ਆਂਦਾ ਅਤੇ ਸੁਤੰਤਰਤਾ ਅੰਦੋਲਨ ਹਰ ਖਤਰ ਦੀ ਲੋੜ ਬਣ ਗਈ। ਸਾਧਾਰਨ ਲੋਕ-ਹਿਤਕਾਰੀ ਮੰਗਾਂ ਤੋਂ ਉਠ ਕੇ ਕਾਂਗਰਸ 'ਭਾਰਤ ਛੋੜੋ' ਅੰਦੋਲਨ ਤਕ ਅੱਗੇ ਆਈ ਤਾਂ ਪੰਜਾਬ ਦੇ ਲੱਖਾਂ ਨਾਮਧਾਰੀ ਉਸਨੂੰ ਸਹਾਇਕ ਮਿਲੇ। ਇੰਜ ਭੈਣੀ ਸਾਹਿਬ ਨੇ ਕੌਮੀ ਤਹਿਰੀਕ ਦਾ ਪੰਜਾਬ ਵਿਚ ਹਾਰਦਿਕ ਸੁਆਗਤ ਕੀਤਾ ਅਤੇ ਅੰਦੋਲਨ ਵਿਚ ਕਦਮ ਮਿਲਾ ਕੇ ਨਾਲ ਚਲਿਆ। ੧੯੨੩ ਵਿਚ ਪੁਲਿਸ ਦਾ ਗੁਰਦੁਆਰੇ ਦੇ ਬੂਹੇ ਅਗੋਂ ਉਠਾਇਆ ਜਾਣਾ ਨਾਮਧਾਰੀਆਂ ਦਾ ਰਾਜਸੀ ਦਬਾਉ ਵੱਧਣ ਕਰਕੇ ਸੀ।

ਸਾਡੇ ਸਭ ਦੇ ਮਾਣ ਕਰਨ ਵਾਲੀ ਗੱਲ ਹੈ ਕਿ ਸ੍ਰੀ ਭੈਣੀ ਸਾਹਿਬ ਨੇ ਸਦਾ ਨਾ ਸਿਰਫ਼ ਕੌਮੀ ਤਹਿਰੀਕ ਦਾ ਸਾਥ ਦਿਤਾ ਸਗੋਂ ਅੰਗਰੇਜ਼ ਦੇ ਅਤਾਬ ਦੇ ਸ਼ਿਕਾਰ ਹੋਏ ਸੈਂਕੜੇ ਦੇਸ਼ ਭਗਤਾਂ ਨੂੰ ਸੁਖ ਦੇਣੀ ਪਨਾਹ ਵੀ ਬਖਸ਼ੀ।

## ਨਹਿਰ ਦਾ ਡੇਰਾ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਢਲੇ ਸਮੇਂ ਨਹਿਰ ਸਰਹੰਦ (ਅਰਥਾਤ ਰੋਪੜ ਵਾਲੀ ਨਹਿਰ) ਦੇ ਪੱਛਮੀ ਕਿਨਾਰੇ, ਨੀਲੋਂ ਪੁਲ ਤੋਂ ਲਗ ਭਗ ੫-੬ ਕਿਲੋਮੀਟਰ, ਪਾਣੀ ਆਉਣ ਵਾਲੇ ਪਾਸੇ ਨੂੰ ਬਾਬਾ ਸੁੰਦਰ ਸਿੰਘ ਬੁਰਜ ਅਤੇ ਬਾਬਾ ਸੰਤਾ ਸਿੰਘ ਘੁੱਕੇ ਵਾਲੀ (ਅੰਮ੍ਰਿਤਸਰ) ਨੇ ਪਸ਼ੂ ਘਾ ਸੰਭਾਲਣ ਵਾਸਤੇ ਪਿੰਡ ਪੂਨੀਆਂ ਪਾਸ ਇਕ ਵਾੜਾ ਵਲਿਆ। ਏਸੇ ਪੂਨੀਆਂ ਪਿੰਡ ਦੇ ਇਕ ਬਾਬਾ ਹੀਰਾ ਸਿੰਘ ਨੇ ਗਊਆਂ ਬੰਨ੍ਹਣ-ਛੱਡਣ ਲਈ ਏਕੜ ਭਰ ਜ਼ਮੀਨ ਹੋਰ ਦੇ



Namdhari Elibrary NamdhariElibrary@gmail.com

ਦਿਤੀ। ਇਸ ਤੋਂ ਪਿਛੋਂ ਪਿੰਡ ਢੰਡਿਆਂ ਦੀ ਇਕ ਮਾਈ ਨੰਦ ਕੌਰ ਨੇ ਪੰਜ ਏਕੜ ਜ਼ਮੀਨ ਗੁਰੂ ਘਰ ਮੱਥਾ ਟੇਕ ਦਿਤੀ। ਪ੍ਰੇਮੀਆਂ ਦੇ ਹੀ ਇਕ ਹੋਰ ਸੱਜਣ ਨੇ ਵੀ ਭੁੰਇੰ ਅਰਦਾਸ ਕਰਵਾ ਦਿਤੀ।

ਵਟ ਵਟਾ ਕੇ ਇਹ ੭ ਘੁਮਾ ਜ਼ਮੀਨ ਡੇਰੇ ਦੇ ਪਸ਼ੂਆਂ ਦੇ ਨੀਰੇ ਚਾਰੇ ਅਤੇ ਰਿਹਾਇਸ਼ ਦਾ ਇਕ ਸਾਧਨ ਬਣ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੋਚ ਅਨੁਸਾਰ, ਉਸ ਵੇਲੇ ਦੇ ਪ੍ਰਬੰਧਕਾਂ ਨੇ ਇਹ ਸਾਰੀ ਜ਼ਮੀਨ ਨਹਿਰ ਦੇ ਪਛਮੀ ਕਿਨਾਰੇ ਪਾਸ ਲੈ ਆਂਦੀ। ਭੈਣੀ ਸਾਹਿਬ ਡੇਰੇ ਦੇ ਪ੍ਰਬੰਧਕ, ਬੜੇ ਚਿਰਾਂ ਤੋਂ ਨਹਿਰ ਕੰਢੇ ਦੀ ਸਰਕਾਰੀ ਜ਼ਮੀਨ ਦੇ ਕੁਛ ਮੀਲ, ਸਰਕਾਰੋਂ ਬੋਲੀ ਤੇ ਲੈ ਕੇ ਪਸ਼ੂਆਂ ਲਈ ਚਰਾਂਦ ਦੇ ਤੌਰ ਤੇ ਵਰਤਦੇ ਅਤੇ ਕਾਨੇ-ਕਾਹੀਆਂ ਦੇ ਗੱਡੇ ਵੱਢ ਕੇ ਭੈਣੀ ਸਾਹਿਬ ਦੇ ਲੰਗਰ ਵਾਸਤੇ ਲੈ ਆਉਂਦੇ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਬੇਲਿਆਂ ਨੂੰ ਨਵੀਨਤਾ ਅਤੇ ਸੁਰੱਜ ਪਰਦਾਨ ਕੀਤਾ। ਡੇਰੇ ਅਤੇ ਲੰਗਰ ਵਿਚ ਸਮੇਂ ਅਨੁਕੂਲ ਲੋੜੀਂਦੀਆਂ ਤਬਦੀਲੀਆਂ ਕੀਤੀਆਂ। ਪਰ ਸਤਿਗੁਰੂ ਜੀ ਕੱਚੇ ਕਮਰੇ, ਸਾਦਾ ਅਤੇ ਵਰਤਣ ਯੋਗ ਉਸਾਰੀ ਹੀ ਕਰਵਾਂਦੇ। ਭੈਣੀ ਸਾਹਿਬ ਦੇ ਪਰਵੇਸ਼ ਦੁਆਰ ਤੋਂ ਇਲਾਵਾ ਪਹਿਲਾਂ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ ਦਾ ਨਿਵਾਸ ਹੀ ਪੱਕੀਆਂ ਇੱਟਾਂ ਨਾਲ ਬਣਿਆ।

### ਹਰੀ ਮੰਦਰ

ਜਿਥੇ ਅਜ ਕਲ ਹਰੀ ਮੰਦਰ ਹੈ, ਇਸ ਦੀ ਪਛਮੀ ਬਾਹੀ ਦੀ ਇਕ ਨੁੱਕਰੇ ਗੁਰੂ ਹਰੀ ਸਿੰਘ ਜੀ ਦਾ ਸਸਕਾਰ ਹੋਇਆ ਸੀ। ਜਿਸ ਤੇ ਪਿਛੋਂ ਪ੍ਰੇਮੀਆਂ ਥੜਾ ਬਣਾ ਕੇ ਰਾਤ ਨੂੰ ਦੀਵਾ ਜਗਾਣਾ ਸ਼ੁਰੂ ਕਰ ਦਿਤ। ਸਮਾਜ ਵਿਚ ਇਸ ਪਰਵਿਰਤੀ ਨੂੰ ਰੋਕਣ ਵਾਸਤੇ, ਸਮਾਂ ਆਉਣ ਤੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਹੀ ਲੈ ਕ, ਆਪ ਪਿਤਾ ਜੀ ਦੀ ਯਾਦ ਵਿਚ ਬਣੇ ਥੜੇ ਨੂੰ ਢਾਹਿਆ ਅਤੇ ਏਥੇ ਇਕ ਸਾਦਾ ਜਿਹੀ ਰਿਉਂਤ ਨਾਲ ਕੱਚਾ ਛੱਪਰ ਬਣਵਾਇਆ ਜਿਸ ਦੀ ਕਾਹੀ ਦੀ ਛੱਤ, ਮੇਰੇ ਪਿੰਡ ਡਫਰਕਿਆਂ ਦੇ ਹੀ ਸੁਨਿਆਰਾ ਸਿੱਖ ਜਿਸ ਨੇ ਉਮਰ ਭਰ ਗੁਰੂ ਘਰ ਵਿਚ ਗਊਆਂ ਦੀ ਜਾਂ ਹੋਰ ਮਿਲੀ ਸੇਵਾ ਕੀਤੀ, ਬਾਬਾ ਗੰਡਾ ਸਿੰਘ ਨੇ ਦੋ ਚਾਰ ਵਾਰ ਬਣਾਈ। ਇਹ ਕੱਚਾ ਮੰਦਰ ਜਿਸ ਨੂੰ 'ਹਰੀ ਮੰਦਰ', ਨਾਮ ਦਿਤਾ ਗਿਆ ਭਜਨ ਭਗਤੀ ਅਤੇ ਕੀਰਤਨ ਦਾ ੫੦-੬੦ ਸਾਲ ਤੋਂ ਕੇਂਦਰ ਬਣਿਆ ਚਲਿਆ ਆ ਰਿਹਾ ਹੈ। ਇਸ ਦੀ ਅਜ ਵਾਲੀ ਸਾਦਗੀ, ਪ੍ਰਪਖਤਗੀ ਅਤੇ ਸੁਹਜ ਵਰਤਮਾਨ ਸਤਿਗੁਰੂ ਜੀ ਦੀ ਦੇਣ ਹੈ। ਇਸਦੇ ਨਾਲ ਦਾ ਪਰਮ ਪਵਿਤਰ ਸਥਾਨ ਹੋਰ ਕੇਹੜਾ ਹੋ ਸਕਦਾ ਹੈ?

### ਸ਼ਹੀਦੀ ਬੁੰਗਾ

ਇੰਜ ਹੀ, ਅਜ ਵਾਲਾ ਵਰਨੀਆਂ ਵਾਲਾ ਖੇਤਰ ਕਦੇ 'ਸ਼ਹੀਦੀ ਬੁੰਗਾ' ਨਾਮ ਨਾਲ ਪ੍ਰਸਿਧ ਸੀ। ਇਹ ਨਾਮ ਇਸ ਨੂੰ ਦੇਗਾਂ ਬਣਦੀਆਂ ਹੋਣ ਕਰਕੇ ਦਿਤਾ ਗਿਆ ਪ੍ਰਤੀਤ ਹਿੰਦਾ ਹੈ। ਉਂਜ ਇਸ ਇਲਾਕੇ ਵਿਚ ਸਾਡੀਆਂ ਤਿੰਨ ਪੂਜ ਹਸਤੀਆ ਦਾ ਸਸਕਾਰ ਹੋਇਆ ਹੈ। ਮਾਤਾ ਭੁਪਿੰਦਰ ਕੌਰ ਜੀ ਦਾ, ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਤੇ ਅੰਤ ਵਿਚ ਇਸ ਸਥਾਨ ਦੇ ਰਚਨਹਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ। ਇਹ ਸਥਾਨ ਸਤਿਗੁਰੂ ਜੀ ਨੇ ਆਪ ਹੀ ਬਣਵਾਇਆ। ਇਹਨਾਂ ਉਸ ਵੇਲੇ ਦੀਆਂ ਕੱਚੀਆਂ ਕੋਠੜੀਆਂ ਵਿਚ ਨਾਮਧਾਰੀ ਵਿਦਿਆਲਾ ਦੇ ਨੌਜਵਾਨ ਵਿਦਿਆਰਥੀ ਦੋ-ਦੋ ਜਣਿਆਂ ਦੀ ਜੋਟੀ ਵਿਚ ਰਿਹਾ ਕਰਦੇ ਸਨ ਅਤੇ ਜਾਂ ਇਸ ਦੀ



Namdhari Elibrary NamdhariElibrary@gmail.com

ਦਖਣੀ ਬਾਹੀ ਵਿਚ ਵਰਨੀਆਂ ਕਰਨ ਵਾਲੇ ਜਾਂ ਕੋਠੀ ਵਾਲੇ ਲੰਗਰ ਦੇ ਲਾਂਗਰੀ ਰਿਹਾ ਕਰਦੇ ਸਨ।

ਜਿਥੇ ਲਗ ਭਗ ਪੌਣੀ ਸਦੀ ਤੋਂ ਭਜਨ ('ਵਾਹਿਗੁਰੂ' ਨਾਮ ਮੰਤਰ ਦਾ ਬਾਰ ਬਾਰ ਜਾਪ) ਦੀ ਨਿਰੰਤਰ ਵਰਨੀ ਚਲ ਰਹੀ ਹੈ ਅਤੇ ਜਿਥੋਂ ਦੇ ਘੜਿਆਲ ਦੀ ਆਵਾਜ਼ ਨੇ ੭੦ ਸਾਲ ਤੋਂ ਭੈਣੀ ਸਾਹਿਬ ਦੇ ਸੇਵਕਾਂ ਨੂੰ ਸਮੇਂ ਸਿਰ ਉਠਾਇਆ ਅਤੇ ਡਿਊਟੀਆਂ ਤੇ ਲਗਾਇਆ, ਸਾਧੂਆਂ ਸੰਤਾਂ ਨੂੰ ਇਸ਼ਨਾਨ ਸਮੇਂ ਜਗਾਇਆ ਅਤੇ ਕੀਰਤਨ-ਭਜਨ-ਭਗਤੀ ਵਿਚ ਜੁਟਾਇਆ ਹੈ ਅਸਲ ਵਿਚ ਇਹ ਸਾਡੇ ਮਾਣ ਯੋਗ ਵਿਅਕਤੀਆਂ ਦਾ ਸਸਕਾਰ ਸਥਾਨ ਸੀ, ਬਿਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਥਾਨ ਤੋਂ।

## ਸਕੂਲ ਜਿਸ ਦਾ ਅੱਜ ਨਿਸ਼ਾਨ ਨਹੀਂ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੨੮ ਈ: ਵਿਚ ਸ੍ਰੀ ਭੈਣੀ ਸਾਹਿਬ ਵਿਖੇ ਆਸ਼ਰਮ ਨੁਮਾ ਇਕ ਸਕੂਲ ਦੀ ਸਥਾਪਨਾ ਕੀਤੀ। ਮਨੋਰਥ ਸੀ ਨਾਮਧਾਰੀਆਂ ਦੇ ਬੱਚਿਆਂ ਨੂੰ ਭਾਰਤੀ ਸੰਸਕ੍ਰਿਤੀ ਅਨੁਸਾਰ ਆਸ਼ਰਮ ਦੀ ਜ਼ਿੰਦਗੀ ਦੇ ਕੇ, ੧੨ ਸਾਲ ਮਾਂ-ਬਾਪ, ਭੈਣ-ਭਰਾ ਅਤੇ ਘਰ ਬਾਰ ਤੋਂ ਦੂਰ ਰਖਕੇ ਪੁਰਾਣੀ ਰਿਸ਼ੀ ਕੁਲ ਨੂੰ ਜਨਮ ਦੇਣਾ।

ਇਸ ਮਨੋਰਥ ਲਈ ਪਹਿਲੀ ਕੱਚੀ ਜਗਹ ਨਾਕਾਫ਼ੀ ਹੋਣ ਤੇ ੧੯੩੦-੩੧ ਦੇ ਸਾਲਾਂ ਵਿਚ ਰਾਮ ਸਰ ਤੋਂ ਉੱਤਰ-ਪਛਮੀ ਬਾਹੀ ਤੇ ਇਕ ਵੱਡੀ ਪੱਕੀ ਬਿਲਡਿੰਗ ਤਿਆਰ ਕਰਵਾਈ ਜਿਸ ਵਿਚ ਇਕ ਵੱਡਾ ਹਾਲ ਅਤੇ ੪-੫ ਕੋਠੜੀਆਂ ਸਨ। ਅਸਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਨਾਲ ਏਥੇ ਹੀ ਤਾਲੀਮ ਪਾਈ। ਤਾਲੀਮ ਸੀ, ਪੰਜ ਗ੍ਰੰਥੀ, ਦਸ ਗ੍ਰੰਥੀ, ਭਗਤ ਬਾਣੀ ਅਤੇ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਸਿਖਦੇ ਸਿਖਦੇ, ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦਾ ਪਠਨ ਪਾਠਨ ਕਰਨਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਸਾਹਿਬਜ਼ਾਦੇ ਆਪਣੇ ਸਹਿਪਾਠੀਆਂ ਨਾਲ ਏਥੇ ਹੀ ਦਿਨ ਦਾ ਬਹੁਤਾ ਭਾਗ ਬਿਤਾਦੇ। ਇਸ ਦਾ ਗੋਲ ਮੰਦਰ ਤਕ ਫੈਲਿਆ ਵਿਹੜਾ ਅਤੇ ਜੰਮੂਆਂ ਦੀ ਫਲੀ ਫੂਲੀ ਕਤਾਰ ਸਾਡੇ ਸਕੂਲ ਦੀ ਸ਼ੋਭਾ ਸਨ।

ਅੱਜ ਤੁਹਾਨੂੰ ਉਹ ਸਕੂਲ ਨਜ਼ਰ ਨਹੀਂ ਪਏਗਾ, ਧਰਾਸ਼ਾਈ ਹੋ ਗਿਆ ਹੈ। ਅੱਜ ਦੇ ਸਕੂਲ ਬਾਰੇ ਫੇਰ ਗੱਲ ਕਰਾਂਗੇ। ਉਪਰ ਦੱਸੀ ਬਿਲਡਿੰਗ ੧੯੩੧ ਤੋਂ ਲੈ ਕੇ ੧੯੯੦ ਤਕ ਕਾਇਮ ਰਹੀ।

## ਅਸਤਬਲ ਵੀ ਨਹੀਂ

ਜਿਥੇ ਗਿਆਨ ਮਾਰਤੰਡ ਪੰਡਿਤ ਗੋਪਾਲ ਜੀ ਦੀ ਅਜੋਕੀ ਰਿਹਾਇਸ਼ ਹੈ। ਏਥੇ ਏਸੇ ਬਾਹੀ ਨਾਲ ਰਾਹ ਨੂੰ ਪਿਠ ਕੀਤੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਹੁਤ ਪ੍ਰਿਯ ਘੋੜਿਆਂ ਦੇ ੭ ਕਮਰੇ ਸਨ। ਸਤਿਗੁਰੂ ਜੀ ਇਹਨਾਂ ਦੇ ਕੋਲ ਹੀ ਦੋ ਪੈਲੀਆਂ ਦੀ ਵਿਥ ਤੇ, ਖੇਤਾਂ ਦੀ ਖੁਲ੍ਹੀ ਫ਼ਜ਼ਾ ਵਿਚ ਰਾਤ ਕੱਟਦੇ। ਉਹਨਾਂ ਦਾ ਇੰਜ ਰਾਤਾਂ ਦਾ, ਕੁਦਰਤ ਦੇ ਚੰਨ ਸਿਤਾਰਿਆਂ ਤੇ ਪੌਣ ਦੀਆਂ ਅਠਖੇਲੀਆਂ ਵਿਚ ਆਨੰਦ ਪੂਰਵਕ ਬਿਰਾਜਣਾ ਫ਼ਕੀਰੀ ਵੀ ਸੀ ਅਤੇ ਸ਼ਹਿਨਸ਼ਾਹੀਅਤ ਵੀ। ਆਪ ਜੀ ਜਦੋਂ ਆਪਣੇ ਬੱਚਿਆਂ ਤੋਂ ਏਥੇ ਹੀ ਸੰਗੀਤ ਸੁਣ ਬਾਸ ਦੀਆਂ ਹੀਆਂ ਵਾਲੇ ਚੰਗੂ ਵਿਛੇ ਮੰਜੇ ਤੇ ਲੇਟਦੇ ਤਾਂ ਕਈ ਵਾਰ ਬਚਨ ਕਰਦੇ : ਮੇਰੇ ਜਿੰਨਾ ਸੁਖ ਤਾਂ ਬਾਦਸ਼ਾਹਾਂ ਨੂੰ ਵੀ ਪ੍ਰਾਪਤ ਨਹੀਂ। ਉਹਨਾਂ ਨੂੰ ਸੌ ਡਰ, ਅਸੀਂ ਬੇਖੌਫ ਲੱਤ ਤੇ ਲੱਤ ਧਰਕੇ ਕੁਦਰਤ ਦੀ ਗੋਦ



Namdhari Elibrary NamdhariElibrary@gmail.com

ਵਿਚ ਲੇਟਦੇ ਹਾਂ । ਪਰ ਅਜ ਉਹ ਅਸਤਬਲ ਕਿਥੇ !

### ਖਰਾਸ ਦੀ ਗੱਲ

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਾਂ ਚੱਕੀਆਂ ਤੇ ਆਟਾ ਪੀਸ ਕੇ ਲੰਗਰ ਪੱਕਿਆ ਕਰਦਾ ਸੀ । ਇਸ ਕਾਰਜ ਲਈ ਸਾਰੇ ਭੈਣ ਭਾਈ ਮਿਲ ਕੇ ਚੱਕੀਆ ਘੁਮਾਂਦੇ ਸਨ ਪਰ ਗੁਰੂ ਹਰੀ ਸਿੰਘ ਜੀ ਦੇ ਸਮੇਂ, ਜਦੋਂ ਆਪ ਜੀ ਨੇ ਸਿਖੀ ਨੂੰ ਗਾਢਾ ਲਾ ਲਿਆ, ਟੁੱਟੀ ਮਿਲਾ ਲਈ ਅਤੇ ਕੁਝ ਸਰਕਾਰੀ ਦਬਾਉ ਦਾ ਜ਼ੋਰ ਵੀ ਢੰਗ ਤਰੀਕਿਆਂ ਨਾਲ ਪਛਾੜਿਆ ਜਾਣ ਲਗਾ ਤਾਂ ਸ: ਗੁਰਦਿਆਲ ਸਿੰਘ-ਗਿਆਨ ਸਿੰਘ ਹੰਸਪਾਲਾਂ ਦੇ ਵੱਡਿਆਂ ਨੇ ਸਤਿਗੁਰੂ ਜੀ ਨਾਲ ਮਸ਼ਵਰਾ ਕਰਕੇ, ਸਾਧ ਸੰਗਤ ਦੇ ਜੋੜ ਮੇਲ ਨਾਲ ਰਾਤੋ ਰਾਤ ਖਰਾਸ ਉਸਾਰ ਦਿਤਾ । ਪਿੰਡ ਵਿਚਲੇ ਵਿਰੋਧੀਆਂ ਇਸ ਉਸਾਰੀ ਦੇ ਖਿਲਾਫ਼ ਵੀ ਤਕੜਾ ਜ਼ੋਰ ਲਗਾਇਆ ਪਰ ਸਰਕਾਰੇ ਦਰਬਾਰੇ ਅਤੇ ਭਾਈਚਾਰੇ ਵਿਚ ਕੋਈ ਅੰਸੀ ਸ਼ਕਤੀ ਕੰਮ ਨਾ ਕਰ ਸਕੀ ਜੁ ਬਣੇ ਹੋਏ ਉਸ ਖਰਾਸ ਨੂੰ ਢਾਹ ਸਕਦੀ । ਅੱਜ ਉਹ ਖਰਾਸ ਅਤੇ ਉਸ ਦਾ ਦੁਆਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲ ਸਧਰਾਈਆਂ ਅੱਖਾਂ ਨਾਲ ਵੇਖਦੇ ਹਨ ਕਿ ਕਦੋਂ ਉਨ੍ਹਾਂ ਨੂੰ ਵੀ ਨਵਾਂ ਰੂਪ ਮਿਲੇ ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇੰਜਨ-ਚੱਕੀਆਂ ਦਾ ਚਲਨ ਹੋ ਗਿਆ ਸੀ ਡੇਰੇ ਦੀ ਵੀ ਤਕੜੀ ਲੋੜ ਸੀ । ਸੋ ਪਹਿਲੋਂ ਨਾਂਗੇ ਵਾਲੇ ਖੂਹ ਕੋਲ ਅਤੇ ਫਿਰ ਡਿਉਢੀ ਦੇ ਪਾਸ ਕਰਕੇ ਉਹ ਜਗਹ ਇੰਜਨ-ਚੱਕੀਆਂ ਚਲਣ ਲਗ ਪਈਆਂ । ਭਾਣੇ ਨੂੰ ਮੁਖ ਰਖ ਭੈਣੀ ਸਾਹਿਬ ਆਏ ਸਿੰਘਾਂ ਦੀ ਗਿਣਤੀ ਹਜ਼ਾਰ ਬਾਰਾਂ ਸੌ ਦੇ ਲਾਗੇ ਸੀ । ਏਨੇ ਸਰੀਰਾਂ ਨੂੰ ਰੋਜ਼ ਭੋਜਨ ਪ੍ਰਦਾਨ ਕਰਨ ਲਈ ਮਸ਼ੀਨੀ ਚੱਕੀਆਂ ਹੀ ਮਦਦ ਕਰ ਸਕਦੀਆਂ ਸਨ । ਹੋਲੇ ਮੇਲਿਆਂ ਵਿਚ ਆਟਾ ਅਤੇ ਲੋਹਾਂ ਵਧੇਰੇ ਮਿਕਦਾਰ ਵਿਚ ਲੜੀਂਦੀਆਂ ਸਨ । ਅਜ ਸਭੋ ਸਹੂਲਤਾਂ ਮੌਜੂਦ ਹਨ ।

### ਉਹ ਵੇਲਾ

ਇੰਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿੰਨੀਆਂ ਥਾਵਾਂ ਵੀ ਡੇਰੇ ਦੀਆਂ ਲੋੜਾਂ ਨਮਿਤ ਉਸਾਰੀਆਂ ਉਹ ਸਸਤੀਆਂ, ਕੱਚੀਆਂ ਇੱਟਾਂ ਦੀਆਂ ਅਤੇ ਸਾਰੇ ਮਿੱਟੀ ਨਾਲ ਲਿੰਬਣ ਪੋਚਣ ਵਾਲੀਆਂ ਸਨ, ਇਕ ਦੂਹ ਨੂੰ ਛਡ ਕੇ । ਜਿਵੇਂ ਆਪ ਨੇ ੧੯੩੯-੪੦ ਦੇ ਲਾਗ ਚਾਗ ਪੱਕੀਆਂ ਇੱਟਾਂ ਦੇ ਥਮਲਿਆਂ ਤੇ ਅਸ਼ਟ ਭੁਜਾ ਇਕ ਕਮਰਾ ਤਿਆਰ ਕਰਵਾਇਆ ਪਰ ਚੋਟੀ ਇਸ ਦੀ ਵੀ ਕਾਹੀ ਕਾਨਿਆਂ ਦੇ ਛੱਪਰ ਦੀ ਸੀ । ਜਿਸਨੂੰ ਪਹਿਲਾਂ 'ਗੋਲ ਛੱਪਰ' ਅਤੇ ਅਜ ਕਲ 'ਗੋਲ ਮੰਦਰ' ਕਿਹਾ ਜਾਂਦਾ ਹੈ । ਇਹ ਸਤਿਗੁਰੂ ਜੀ ਦੇ ਦੇਸ਼ ਦੌਰਿਆਂ ਤੋਂ ਬਾਦ ਨਿਜੀ ਆਰਾਮ ਲਈ ਰਿਹਾਇਸ਼ਗਾਹ ਸੀ । ਅਜ ਤਾਂ ਇਸ ਨੂੰ ਬਣ ਵੀ .੦ ਸਾਲ ਤੋਂ ਵਧ ਹੋ ਗਏ ਹਨ । ਪਰ ਇਹ ਅਜੇ ਹਰੀ ਕਾਇਮ ਹੈ ਅਤੇ ਇਹ ਸਥਾਨ ਜਿਥੇ ਅਟਲ ਪ੍ਰਤਾਪੀ ਮਹਾਜੋਤੀ ਵਿਚ ਵਿਲੀਨ ਹੋਏ, ਅੱਜ ਕੱਲ ਅਖੰਡ ਪਾਠ ਕਰਨ ਕਰਵਾਣ ਦੀ ਪਾਵਨ ਜਗਹ ਹੈ । ਸਾਡੇ ਸਮੇਂ ਦੇ ਸਤਿਗੁਰੂ ਦਾ ਸਾਡੇ ਸਾਹਮਣੇ ਆਪਣੀ ਜੀਵਨ ਜਿਓਤੀ ਨੂੰ ਆਪ ਹੀ ਸਮੇਟਣ ਦਾ ਏਥੇ ਹੀ ਸਫਲ ਜਤਨ ਕੀਤਾ ਗਿਆ ਸੀ। ਸਾਰੀ ਦੁਨੀਆਂ ਵਿਚ ਫੈਲੇ ਪੁੰਨ ਪਰਤਾਪ ਵਾਲੇ ਸਤਿਗੁਰੂ ਨੇ, ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਪਸਾਰ ਵਾਲੇ ਮਹਾ ਮਾਨਵ ਨੇ ਆਪਣੇ ਲਈ ਪਹਿਲਾਂ ਤੋਂ ਹੀ ਇਹ ੧੫ ਫੁਟ ਡਾਇਆ ਮੀਟਰ ਦੀ ਜਗਹ ਨਿਸਚਿਤ ਕਰ ਛਡੀ ਸੀ । ਅੰਤਮ ਦਿਨਾਂ ਵਿਚ ਮੰਡੀਓਂ ਆ ਕੇ ਆਪ ਜੀ ਕਿਤੇ ਨਹੀਂ ਗਏ । ਇਹ ਅਗਸਤ ੧੯੫੯ ਦੇ ਦਿਨ ਸਨ ।



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੀਵਨ ਸਿਧਾਂਤ ਹੀ ਇਹ ਸੀ : ਸਾਦਾ, ਸੁਚਜੀ ਤੇ ਸੁਖੇਨ, ਕਮ ਖਰਚੀ ਦੀ ਵਿਵਸਥਾ ਕਰੋ ਅਤੇ ਉਹਦੇ ਤੋਂ ਵੱਧ ਤੋਂ ਵੱਧ ਲਾਭ ਉਠਾਓ। ਕੱਚੇ ਮਕਾਨਾਂ ਤੇ ਖ਼ਰਚ ਤਾਂ ਕੋਈ ਖ਼ਾਸ ਨਹੀਂ ਸੀ ਹੁੰਦਾ, ਪਰ ਖਜਾਲਤ ਵਧੇਰੇ ਹੁੰਦੀ। ਸਾਲ ਵਿਚ ਇਕ ਵਾਰ ਲਿੰਬ ਪੋਚ ਬਹੁਤ ਹੀ ਜ਼ਰੂਰੀ ਸੀ। ਬਰਸਾਤਾਂ ਵਿਚ ਇਹਨਾਂ ਦਾ ਡਿਗਣਾ ਚੋਣਾਂ ਵੀ ਸੁਭਾਵਕ ਸੀ।

## ਇਕ ਅਜ਼ਮ

ਅਟਲ ਪ੍ਰਤਾਪੀ ਸਤਿਗੁਰੂ ਜੀ ਦੇ ਸਮੇਂ ਇਕ ਵਾਰ ਅੱਸੂ ਦੇ ਮੇਲੇ ਦੇ ਦਿਨੀਂ ਡਾਢੀ ਝੜੀ ਲਗੀ। ਕਈ ਦਿਨਾਂ ਤੋਂ ਬਰਸਾਤ ਰੁਕਣ ਦਾ ਨਾਮ ਨਹੀਂ ਸੀ ਲੈ ਰਹੀ। ਸਾਧ ਸੰਗਤ ਦਾ ਹਾਲ ਚਾਲ ਜਾਣਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੂੰ ਨਾਲ ਲੈ ਕੇ ਨਿਕਲੇ। ਵਾਪਸ ਆਉਂਦਿਆਂ ਲੇਖਕ ਇਨ੍ਹਾਂ ਨੂੰ ਰਾਮਸਰ ਕੋਠੀ ਦੇ ਖੇਤਰ ਦੇ ਪਰਵੇਸ਼ ਦੁਆਰ ਤੇ ਮਿਲਿਆ। ਉਸ ਵੇਲੇ ਦੇ ਸਾਡੇ ਸਹਿਪਾਠੀ ਬੇਅੰਤ ਜੀ, ਆਮ ਸੰਗਤ ਲਈ ਵਡੇ ਬਾਬਾ ਜੀ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੀ ਪੁੱਛ ਦੇ ਉੱਤਰ ਵਿਚ ਆਖਿਆ ਸੀ : ਕੋਈ ਮਕਾਨ ਬਚਿਆ ਨਹੀਂ ਜੁ ਚੋਂਦਾ ਨਾ ਹੋਵੇ। ਕਈ ਤਾਂ ਡਿਗੂੰ ਡਿਗੂੰ ਪਏ ਕਰਦੇ ਹਨ। ਸਾਧ ਸੰਗਤ ਧੰਨ ਹੈ ਜੁ ਇਸ ਦੁਖਦਾਈ ਬਰਸਾਤ ਵਿਚ ਵੀ ਬਰਦਾਸ਼ਤ ਦੀ ਹੱਦ ਕਾਇਮ ਰੱਖੀ ਬੈਠੀ ਹੈ। ਸਮਾਂ ਆਉਣ ਤੇ, ਸਤਿਗੁਰਾਂ ਦੀ ਕਿਰਪਾ ਨਾਲ, ਅਜਿਹਾ ਪ੍ਰਬੰਧ ਕਰਾਂਗੇ ਜਿਸ ਨਾਲ ਸਾਧ ਸੰਗਤ ਨੂੰ ਕਦੇ ਵੀ ਕਿਸੇ ਪਰਕਾਰ ਦੀ ਪਰੇਸ਼ਾਨੀ ਨਾ ਹੋਵੇ।

ਅੱਜ ਉਹ ਬਚਨ ਸੱਚਾ ਹੋ ਗਿਆ ਲਗਦਾ ਹੈ।

ਸਭ ਤੋਂ ਪਹਿਲਾਂ ਵਰਤਮਾਨ ਸਤਿਗੁਰੂ ਜੀ ਨੇ ਸਾਧ ਸੰਗਤ ਦੇ ਆਮ ਕੰਮ ਆਉਣ ਵਾਲੇ ਸਥਾਨ, ਨਾਮਧਾਰੀ ਧਰਮਸਾਲਾ, ਫੀਲਡ ਗੰਜ ਲੁਧਿਆਣਾ ਵਲ ਧਿਆਨ ਦਿਤਾ। ਮਕਾਨ ਦੀ ਖਸਤਾ ਹਾਲਤ ਵੇਖ, ਸਿਆਣੇ ਮਿਸਤਰੀ ਲਾ, ਉੱਤਮ, ਪੱਕੀ ਅਤੇ ਵਰਤਣਯੋਗ ਜਗਹ ਬਣਾ ਦਿਤੀ।

ਇਹਨਾਂ ਦਿਨਾਂ ਵਿਚ ਲੁਧਿਆਣੇ ਸ਼ਹਿਰ ਦੇ ਬਾਹਰ ਵਾਰ ਇਕ ਗਊ ਹਿਤਕਾਰੀ ਤਿੱਕੜੀ ਕੰਮ ਕਰਦੀ ਸੀ। ਸ: ਸਰਵਣ ਸਿੰਘ, ਸ: ਬੰਤਾ ਸਿੰਘ ਅਤੇ ਸ: ਲਛਮਣ ਸਿੰਘ। ਇਹ ਤ੍ਰੈਵੇ ਜੋਧੇ ਜਿਥੇ ਕਿਤੇ ਵੀ ਹਊ ਹਤਿਆਰਿਆਂ ਨੂੰ ਵੇਖਦੇ ਪਿੱਛਾ ਕਰਦੇ। ਚੋਰੀ ਛੱਪੀ ਦਾ ਗਊਘਾਤ, ਇਹਨਾਂ ਦੇ ਉਦਮ ਨਾਲ ਹਟ ਗਿਆ। ਇਹਨਾਂ ਚੋਂ ਹੀ ਸ: ਸਰਵਣ ਸਿੰਘ ਨੇ 10,000/- ਧਰਮਸਾਲਾ ਦੀ ਉਸਾਰੀ ਲਈ ਦਿਤਾ।

ਪਰ ਇਹ ਸਮਾਂ ਭੈਣੀ ਸਾਹਿਬ ਤੇ ਆਉਣਾ ਹੀ ਸੀ, ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਤੇ ਪੱਕੀ ਇੱਟ ਲਾ ਕੇ ਰਾਜ਼ੀ ਨਹੀਂ ਸਨ ਉਥੇ ਉਹਨਾ ਦੇ ਜਾਨਸ਼ੀਨ ਸਪੁੱਤਰ ਨੇ ਕੱਚੀ ਕਿਤੇ ਰਹਿਣ ਨਹੀਂ ਸੀ ਦੇਣੀ। ਮੈਨੂੰ ਸੰਤ ਰਤਨ ਸਿੰਘ ਹਜ਼ੂਰੀ ਲਾਂਗਰੀ ਦਾ ਕਥਨ ਯਾਦ ਆਉਂਦਾ ਹੈ। ਜਦੋਂ ਜੀਵਨ ਨਗਰ ਪਸ਼ੂਆਂ ਦੇ ਤਬੇਲੇ ਵਿਚ ਸੱਚੇ ਪਾਤਸ਼ਾਹ ਜੀ ਨੇ ਆਪਣੇ ਲਈ ਇਕ ਚੁਬਾਰਾ ਬਣਵਾਣਾ ਚਾਹਿਆ ਤਾਂ ਰਤਨ ਸਿੰਘ ਜੀ ਨੇ ਦੱਸਿਆ : ਜਿਥੇ ਸੱਚੇ ਪਾਤਸ਼ਾਹ ਜੀ ਨੇ ਪੱਕੀ ਇਟ ਲਾਈ ਹੈ ਉਥੇ ਰਹਿਣਾ ਨਸੀਬ ਨਹੀਂ ਹੋਇਆ। ਪਰ ਉਨ੍ਹਾਂ ਦੇ ਸਪੁੱਤਰ ਨੇ ਉਨ੍ਹਾਂ ਇੱਟਾਂ ਦੀ ਸੱਤਿਆ ਹੀ ਖਿਚ ਲਈ ਹੈ। ਪੱਕੀਆਂ ਇੱਟਾਂ ਅੱਜ ਦਾਸੀਆਂ ਹੋ ਕੇ ਸਾਧ ਸੰਗਤ ਦੀ ਅਤੇ ਸਤਿਗੁਰੂ ਜੀ ਦੀ ਸੇਵਾ ਕਰਦੀਆਂ ਹਨ।



Namdhari Elibrary NamdhariElibrary@gmail.com

ਅਸੀਂ ਇਸ ਦੀ ਉਦਾਹਰਣ ਅਗਲੇ ਸਫ਼ਿਆਂ ਵਿਚ ਵੇਖਾਂਗੇ।

## ਪਰਿਵਰਤਨਾਂ ਦਾ ਜੁਗ

ਗੁਰਗੱਦੀ ਸਸ਼ੋਭਤ ਹੋਣ ਤੋਂ (੧੯੫੯, ਅਗਸਤ) ੧੯ ਕੁ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਅਤੇ ਇਹਦੇ ਇਲਾਕੇ ਵਲ ਖ਼ੂਬ ਧਿਆਨ ਦਿਤਾ। ਕੋਠੀ ਜੀਵਨ ਨਗਰ, ਕੋਠੀ ਮਸਤਾਨ ਗੜ੍ਹ ਅਤੇ ਉਸ ਵੇਲੇ ਦੀ ਜ਼ਰੂਰਤ ਨੂੰ ਮੁਖ ਰਖ ਕੁਛ ਥਾਵਾਂ ਨੂੰ ਤਬਦੀਲ ਕੀਤਾ, ਕੁਛ ਵਿਚ ਵਾਧੇ ਕੀਤੇ ਅਤੇ ਕੁਛ ਨਵੇਂ-ਸਵੇਂ ਉਸਾਰੀਆਂ। ਮਸਤਾਨਗੜ੍ਹ ਤਾਂ ਸਤਿਗੁਰੂ ਜੀ ਨੇ ਸਮੂਲਚਾ ਹੀ ਉਸਾਰਿਆ ਹੈ। ਦਲਦਲੀ ਜ਼ਮੀਨ ਨੂੰ ਨਾਮਧਾਰੀ ਨਗਰਾਂ ਵਿਚੋਂ ਟਰੈਕਟਰਾਂ ਦੀਆਂ ਵਗਾਰਾਂ ਪਾ ਸਾਰੀ ਧਰਤੀ ਰੂਕ ਸਿਰ ਕੀਤੀ ਤੇ ਅਬਾਦੀ ਲਈ ਜਗਹ ਉੱਚੀ ਕੀਤੀ। ਜੀਵਨ ਨਗਰ ਇਲਾਕੇ ਦੀਆਂ ਲਗਭਗ ੨੬ ਕਿਲੋਮੀਟਰ ਸੜਕਾਂ ਨਵੇਂ ਸਿਰਿਓਂ ਮਿੱਟੀ ਪਾ ਕੇ ਪੱਕੀਆਂ ਕਰਨ ਯੋਗ ਬਣਾਈਆਂ। ਸਤਿਗੁਰਾਂ ਦੀ ਇਹ ਮੁਹਿੰਮ ਬਾਗ਼ਤ ਦੇ ਪਿੰਡ ਬਣੀ ਤਕ ਪਹੁੰਚੀ। ਇਸ ਉਸਾਰੀ ਦਾ ਅਵਲੋਕਨ ਕਰਨ ਪੰਜਾਬੀ ਦੇ ਪ੍ਰਸਿਧ ਲੇਖਕ ਤੇ ਪਹਿਲੇ ਇੰਜਨੀਅਰ ਸ: ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ', ਸੀ. ਪੀ. ਆਈ. ਪੰਜਾਬ ਦੇ ਲੀਡਰ ਕਾਮਰੇਡ ਜਗਜੀਤ ਸਿੰਘ ਆਨੰਦ, ਸ: ਨਵਤੇਜ ਸਿੰਘ ਆਦਿ ਆਏ। ਸਰਕਾਰ ਨੇ ਸਤਿਗੁਰੂ ਜੀ ਵਲੋਂ ਬਣਵਾਈਆਂ ਸੜਕਾਂ ਤੇ ਕੇਵਲ ਰੋੜੀ ਅਤੇ ਲੁੱਕ ਹੀ ਪਾਈ। ਇਸ ਉਸਾਰੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਇਲਾਕੇ ਦੇ ਨਗਰਾਂ ਦਾ ਭਰਪੂਰ ਸਹਿਯੋਗ ਲਿਆ :

ਆਪ ਆਪਣੀਆਂ ਕੋਠੀਆਂ ਪਾ, ਵਧੀਆ ਵਿਉਂਤ ਰਖ ਬਣਾਏ ਸਥਾਨਾਂ ਦੀ ਪਿਰਤ ਪਾ, ਇਲਾਕੇ ਨੂੰ ਉਮਦਾ ਰਹਿਣ-ਸਹਿਣ ਦੀ ਜਾਚ ਦੱਸੀ। ਇਲਾਕੇ ਵਿਚ ਕਿੰਨੂਆਂ, ਅੰਗੂਰਾਂ ਆਦਿ ਦੀ ਬਾਗ਼ਬਾਨੀ ਪ੍ਰਚਲਤ ਕੀਤੀ।

ਇਹ ਨਾ ਸਮਝ ਲਿਆ ਜਾਏ ਕਿ ਭਜਨ ਭਗਤੀ ਵਲ ਕੋਈ ਧਿਆਨ ਨਹੀਂ ਸੀ। ਸਗੋਂ ਬਾਲ ਬਿਰਧ ਨਰ ਨਾਰ ਰੋਜ਼ ਉਡੀਕਦੇ ਅਤੇ ਪਤਾ ਰਖਦੇ ਆਸਾ ਦੀ ਵਾਰ ਦਾ ਕੀਰਤਨ ਕਿਥੇ ਹੈ ? ਅਜ ਨਿਤਨੇਮ-ਨਾਮ ਸਿਮਰਨ ਕਿਸ ਪਿੰਡ ਹੋ ਰਿਹਾ ਹੈ। ਨਾਮ ਬਾਣੀ ਪਾਠ ਪਰਵਾਹ ਚਲਦਿਆਂ ਲੋਕਾਂ ਨੂੰ ਚੰਗੀ ਜੀਵਨ ਜਾਚ ਵਲ ਪ੍ਰੇਰਿਤ ਕੀਤਾ।

ਪਰ ਭੈਣੀ ਸਾਹਿਬ ਵਲ ਗੁਜ਼ਾਰੇ ਜੋਗਾ ਹੀ ਧਿਆਨ ਸੀ। ਨਾਮਧਾਰੀ ਸੰਗਤ ਦੇ ਸੁਚੇਤ ਹਲਕੇ ਭੈਣੀ ਸਾਹਿਬ ਵਲ ਬੇਧਿਆਨੀ ਨੂੰ ਬੜਾ ਅਨੁਭਵ ਕਰਦੇ। ਇਹ ਇਤਿਹਾਸਕ ਸਥਾਨ ਸੀ। ਸਤਵੰਜਾ ਦੀ, ਦੇਸ ਵਿਚ ਉਠੀ ਬਗ਼ਾਵਤ ਤੋਂ ਪਹਿਲਾਂ ਸੁਤੰਤਰਤਾ ਲਈ ਪਹਿਲੀ ਹੂਕ ਤੇ ਕੂਕ ਏਥੋਂ ਹੀ ਵੱਜੀ। ਇਹ ਸੰਤ ਖ਼ਾਲਸਾ ਦਾ ਜਨਮ ਸਥਲ ਵੀ ਸੀ, ਫਾਂਸੀਆਂ ਉਤੇ ਲਟਕਣ, ਤੋਪਾਂ ਅਗੇ ਹਸ ਹਸ ਉਡਣ ਲਈ ਕੂਕਿਆਂ ਦਾ ਪ੍ਰੇਰਣਾ ਸਰੋਤ ਵੀ ਇਹੋ ਸਥਾਨ ਸੀ ਅਤੇ ਸਾਡੇ ਤਿੰਨ ਸਤਿਗੁਰੂਆਂ ਦੀ ਜਨਮ ਅਤੇ ਕਰਮ ਭੂਮੀ ਵੀ ਇਹੋ ਸੀ।

## ਮੁਹਾਰਾਂ ਭੈਣੀ ਸਾਹਿਬ ਨੂੰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕੀਤੀ ਅਤੇ ਪਰਵਾਰਕ ਹਾਲਾਤ ਅਨੁਕੂਲਣ ਹਿਤ, ੧੯੭੮ ਵਿਚ, ਮੁੜ ਆਪਣਾ ਹੈਡਕੁਆਟਰ ਭੈਣੀ ਸਾਹਿਬ ਨੂੰ ਬਣਾ ਲਿਆ। ਏਥੇ ਨਿਵਾਸ ਕਰਦਿਆਂ ਹੀ ਸਤਿਗੁਰੂ ਜੀ ਨੂੰ ਆਪਣਾ ਪਹਿਲਾ ਬਚਨ ਯਾਦ ਆਇਆ ਕਿ ਭੈਣੀ ਸਾਹਿਬ ਦੀ ਕਾਇਆਂ ਸਵਾਰਨੀ ਹੈ। ਇਸਨੂੰ ਹਰ ਸਮੇਂ ਲਈ ਸੁਰਖਿਅਤ ਸਥਾਨ ਬਣਾਨਾ ਹੈ।

ਫੇਰ ਭੈਣੀ ਸਾਹਿਬ ਦੀ ਉਸਾਰੀ ਦਾ ਦੌਰ ਜਾਰੀ ਹੋ ਗਿਆ।



Namdhari Elibrary NamdhariElibrary@gmail.com

ਸ: ਗੱਜਣ ਸਿੰਘ ਦੇ ਘਰ ਵਾਲੀ ਜਗਹ ਵੀ ਖ਼ਰੀਦੀ ਗਈ। ਖਰਾਸ ਤਾਂ ਗੁਰੂ ਹਰੀ ਸਿੰਘ ਜੀ ਦੇ ਸਮੇਂ ਹੀ ਆਪਣਾ ਸੀ, ਇਸ ਦੇ ਨਾਲ ਲਗਦੀਆਂ ਹੋਰ ਥਾਵਾਂ ਦਾ ਮੁੱਲ ਵੀ ਤਾਰਿਆ ਗਿਆ। ਮਹਾਰਾਜ ਨਿਹਾਲ ਸਿੰਘ ਜੀ ਦੇ ਨਿਵਾਸ ਦੇ ਲਾਗ ਪਾਸ ਘਰਾਂ ਵਾਲਿਆਂ ਨੂੰ ਮੁਨਾਸਬ ਦਾਮ ਦੇ ਜਾਂ ਥਾਂ ਦੇ ਕੇ ਦੇਵਾ ਸਿੰਘ ਸੁਨਾਰ ਦੀ ਗਲੀ ਤਕ ਦਾ ਸਥਾਨ ਲਿਆ ਗਿਆ। ਲੰਗਰ ਦਾ ਵਿਸਤਾਰ ਅਤੇ ਗੁਰੂ ਕੇ ਪ੍ਰਥਮ ਨਿਵਾਸ ਦਾ ਪਿਛਵਾੜਾ ਸੁਰਖਿਅਤ ਕਰਨ ਹਿਤ ਖਰੀਦ ਲਿਆ ਗਿਆ ਜਾਂ ਉਹਨਾਂ ਨੂੰ ਵਸੇਬੇ ਲਈ ਨਵਾਂ ਥਾਂ ਦੇ ਸਥਾਨੰਤਰ ਕੀਤਾ ਗਿਆ ਹੈ। ਜ਼ਿਮੀਂਦਾਰਾਂ ਦੀਆ ਜਗਹਾਂ ਵੀ ਖਾਲੀ ਹੋ ਗਈਆਂ ਹਨ, ਉਹ ਖੇਤਾਂ ਵਲ ਜਾ ਦੂਰ ਦਰਾਡ ਚਲੇ ਗਏ ਹਨ।

ਜਿਥੇ ਕਦੇ ਸੁਖੂ ਇਕ ਸਿਆੜ ਜਿੰਨੀ ਥਾਂ ਦੇਣ ਨੂੰ ਤਿਆਰ ਨਹੀਂ ਸੀ, ਉਥੇ ਅਜ ਨਗਰ ਦਾ ਬਹੁਤਾ ਹਿਸਾ ਨਾਮਧਾਰੀ ਸਮਾਜ ਦੇ ਕੇਂਦਰ ਪਾਸ ਹੈ। ਬੜੀਆਂ ਵਡੀਆਂ ਸੰਭਾਵਨਾਵਾਂ ਨੂੰ ਮੁਖ ਰਖ ਕੇ ਨਵ-ਉਸਾਰੀ ਵਿਉਂਤ ਬੱਧ ਤਰੀਕੇ ਨਾਲ ਕੀਤੀ ਜਾ ਰਹੀ ਹੈ। ਉਸਾਰੀ ਦੇ ਪ੍ਰਥਮ ਉੱਦਮੀ, ਸਤਿਗੁਰਾਂ ਦੀ ਕਿਰਪਾ ਨਾਲ ਮਾਤਾ ਚੰਦ ਕੌਰ ਜੀ ਹਨ, ਮਾਂ ਭੁਪਿੰਦਰ ਕੌਰ ਜੀ ਦੀ ਨੂੰਹ ਰਾਣੀ ਅਤੇ ਉਸਾਰੀ ਦੇ ਆਰਚੀਟੈਕਟ ਸ: ਨਿਰਮਲ ਸਿੰਘ ਇੰਜਨੀਅਰ ਅਤੇ ਸ: ਜਸਵੰਤ ਸਿੰਘ ਕੱਲਾ ਇੰਜਨੀਅਰ ਵੀ ਸਹਾਇਕ ਹਨ। ਇਕ ਚੰਗੀ ਟੀਮ ਮਾਤਾ ਜੀ ਦੀ ਆਗਿਆ ਵਿਚ ਉਸਾਰੀ ਦੇ ਸਾਰੇ ਤਰੱਦਦ ਸਰੰਜਾਮ ਦਿੰਦੀ ਹੈ। ਧੰਨ ਹਨ ਉਹ ਗੁਰਸਿਖ ਜਿਹੜੇ ਆਪਣੀ ਖ਼ਾਮੋਸ਼ ਸੇਵਾ ਨਾਲ ਇਸ ਉਸਾਰੀ ਵਿਚ ਸਹਿਯੋਗੀ ਰਹੇ ਜਾਂ ਹਨ।

### ਉਸਾਰੀ ਵਲ ਝਾਤ

ਸੜਕੋਂ ਉੱਤਰ ਦੱਖਣੀ ਬਾਹੀ ਵਲੋਂ ਗੁਰਦੁਆਰੇ ਨੂੰ ਜਦੋਂ ਪਰਵੇਸ਼ ਕਰਨ ਲਈ ਅਗੇ ਵਧਦੇ ਹਾਂ ਤਾਂ ਖੱਬੇ ਪਾਸੇ ਬੋਹੜ ਬਿਰਛ ਪਾਸ ਇਕ ਵਿਹੜਾ ਵਲਗਣ ਹੈ, ਜਿਸ ਵਿਚ ਪਹਿਲੇ ਉਸਰੇ ਛੱਪਰ ਛੱਤੇ ਕਚੇ ਕੋਠਿਆਂ ਦੀ ਥਾਂ ੨੪ ਦੇ ਕਰੀਬ ਘਰਾਂ ਨੂੰ ਇਕ ਲੁੜੀਂਦੀਆਂ ਸਹੂਲਤਾਂ ਵਾਲਾ ਸਥਾਨ ਬਣਾ ਦਿਤਾ ਗਿਆ ਹੈ ਜਿਸ ਨੂੰ 'ਮਾਈਆਂ ਵਾਲਾ ਵਿਹੜਾ' ਵੀ ਕਿਹਾ ਜਾਂਦਾ ਹੈ। ਇਸ ਦੇ ਨਾਲ ਕੁਛ ਵਸੋਂ ਲਈ ਹੋਰ ਕਮਰੇ ਬਣਾ ਕੇ ਮਾਈਆਂ ਲਈ ਸਮੂਹਕ ਨਾਮ ਸਿਮਰਨ ਦਾ ਇਕ ਹਾਲ ਵਜੂਦ ਵਿਚ ਹੈ ਜਿਸ ਦੇ ਉਤੇ ਵੀ ੪-੫ ਪਰਵਾਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੈ। ਇਸਦੇ ਨਾਲ ਅਗੇ ਵਧਦੇ ਹੋ ਤਾਂ ਨਾਲ ਲਗਦਾ, ਸ: ਗੱਜਣ ਸਿੰਘ ਵਾਲਾ ਥਾ, ਅੱਜ ਕਲ ਕਲਾਕਾਰ ਪਰਵਾਰ ਲਈ ਸੁੰਦਰ ਵਸੋਂ ਦਾ ਮੁਕੰਮਲ ਪ੍ਰਬੰਧ ਹੈ। ਇਹ ਹਨ ਸੰਤ ਸੰਤੋਖ ਸਿੰਘ ਲਾਂਗਰੀ ਦੇ ਲੜਕੇ ਸਰਬ ਸ੍ਰੀ ਸੁਖਦੇਵ ਸਿੰਘ (ਗਾਇਕ), ਸੁਖਵਿੰਦਰ ਸਿੰਘ ਪਿੰਕੀ (ਸੰਸਾਰ ਪ੍ਰਸਿਧ ਤਬਲਾਵਾਦਕ), ਸੁਰਿੰਦਰ ਸਿੰਘ (ਸਿਤਾਰ ਵਾਦਕ)। ਇਹਨਾਂ ਦੇ ਘਰ ਦੀਆ ਦੀਵਾਰਾਂ ਤੋਂ ਪਾਰ ਗਲੀ ਲੰਘ ਕੇ ਖਰਾਸ ਵਾਲੀ ਵਸੋਂ ਵਲ ਆਈਦਾ ਹੈ। ਇਸ ਸਾਰੀ ਥਾਂ ਨੂੰ ਅਜੇ ਜੰਸੇ ਕਾ ਤੈਸਾ ਛਡ ਕੋਲ ਹੀ ੮-੧੦ ਪਰਵਾਰਾਂ ਦੀ ਵਸੋਂ ਲਈ ਦੋ ਛਤੇ ਫਲੈਟ ਉਸਰ ਗਏ ਹਨ।

ਗੁਰੂ ਰਾਮ ਸਿੰਘ ਮੰਦਰ ਦੇ ਪਿਛਵਾੜੇ ਸ: ਚੰਨਣ ਸਿੰਘ ਨੰਬਰਦਾਰ ਵਾਲਾ ਘਰ ਖਰੀਦਿਆ ਸਾਧ ਸੰਗਤ ਦੇ ਕੰਮ ਆਉਂਦਾ ਹੈ।

ਜੇ ਅਸੀਂ ਗੁਰਦੁਆਰੇ ਦੀ ਡਿਊਢੀ ਵੱਲ ਵਧ ਅਗੇ ਲੰਘੀਏ ਤਾਂ ਖੱਬੇ ਹੱਥ ਤੋਂ ਹੀ ਨਵੀਂ ਉਸਾਰੀ ਦੇ ਚਮਤਕਾਰ ਦਿਸਦੇ ਹਨ। ਟਰੈਕਟਰਾਂ ਟ੍ਰਾਲੀਆਂ ਦੇ ਗੈਰਿਜ ਉਸਰੇ ਖਲੇ ਹਨ। ਇਸ ਡਿਊੜੀ ਤੇ ਗੁਰਦੁਆਰੇ ਦੀ ਪ੍ਰਮੁਖ ਡਿਊੜੀ ਦੇ ਉਤੇ ਵੀ ਅਤੇ ਗੈਰਿਜਾਂ ਉਤੇ ਛੇ ਪਰਵਾਰਾਂ ਦੀ



Namdhari Elibrary NamdhariElibrary@gmail.com

ਵਸੋਂ ਦਾ ਪ੍ਰਬੰਧ ਹੈ।

ਅਜੇ ਆਪਾਂ ਲੰਗਰ ਵੱਲ ਨਹੀਂ ਜਾਂਦੇ, ਬਾਹਰ ਡਿਉੜੀ ਤੇ ਹਲਟੀ ਵਾਲੇ ਖੂਹ ਦੇ ਨਾਲ ਲਗਦੇ, ਜਿਥੇ ਕਦੇ ਰਾਮ ਸਰ ਨੂੰ ਰਾਹ-ਲਾਂਘਾ ਸੀ, ਅੱਜ ਬਿਰਧ ਸ਼ਾਲਾ ਦੇ ਕਮਰੇ, ਉਮਰ ਪੁੱਗੇ ਲੋਕਾਂ ਦੀ ਸੇਵਾ ਵਿਚ ਹਾਜ਼ਰ ਹਨ। ਏਥੇ ੩੦ ਦੇ ਕਰੀਬ ਬਿਰਧ ਇਸਤਰੀਆਂ ਪੁਰਸ਼ ਸੰਤ ਗੁਰਦੇਵ ਸਿੰਘ ਪੁਰਬਾ ਦੀ ਸੇਵਾ ਅਤੇ ਸਤਿਕਾਰ ਦਾ ਲਾਭ ਲੈਂਦੇ ਹਨ। ਇਹਨਾਂ ਕਮਰਿਆਂ ਉਤੇ ਵੀ ੮-੧੦ ਪਰਵਾਰਾਂ ਲਈ ਸੁਹਣੀ ਵਸੋਂ ਦਾ ਪ੍ਰਬੰਧ ਹੈ। ਪੁਰਾਣੇ ਲੰਗਰ ਤੇ ਲੰਗਰ ਛਕਣ ਵਾਲੇ ਵਰਾਂਡੇ ਦੀ ਛੱਤ ਦੀ ਵਰਤੋਂ ਹੋ ਕੇ ੮ ਹੋਰ ਘਰਾਂ ਲਈ ਰਿਹਾਇਸ਼ੀ ਥਾਂ ਬਣ ਗਈ ਹੈ।

ਪਸ਼ੂਆਂ ਦੇ ਤਬੇਲੇ ਵਿਚ, ਛੋਟੇ ਲਾਂਘੇ ਥਾਣੀ ਅੰਦਰ ਜਾਂਦਿਆਂ, ਜਿਥੇ ਹਰਿਆਣਾ ਅਤੇ ਸਾਹੀਵਾਲ ਦੀਆਂ ਸੁੰਦਰ ਸਫੇਦ ਲਾਲ ਫਿਕੀਆਂ ਨਸਲਾਂ ਦੀਆਂ ਗਊਆਂ ਦੇ ਦਰਸ਼ਨ ਕਰ ਭਰੇਪੂਰੇ ਲੇਵਿਆਂ ਵਲ ਵੇਖ, ਅਤੇ ਉਨ੍ਹਾਂ ਦੀਆਂ ਮੁਨਾਸਬ ਖੁਰਲੀਆਂ ਅਤੇ ਸਿੰਘਾਂ ਵਲੋਂ ਕਾਇਮ ਰਖੀ ਜਾ ਰਹੀ ਸਫਾਈ ਦਾ ਆਨੰਦ ਆਉਂਦਾ ਹੈ ਉਥੇ ਉਪਰ ਦੋ-ਛੱਤਾਂ ਉਸਾਰ, ਸੇਵਕਾਂ ਲਈ ਯੋਗ ਵਸੋਂ ਲਈ ਕਮਰਿਆਂ ਦੀਆਂ ਕਤਾਰਾਂ ਪਲੈਨਿੰਗ ਦਾ ਸੁਚੱਜ ਦਰਸਾਂਦੀਆਂ ਹਨ।

ਆਓ ਉਸ ਡਿਉੜੀ ਵਿਚ ਜਿਥੇ ਲਗ ਭਗ ੧੪੦ ਸਾਲ ਤੋਂ ਹਰ ਅਭਿਆਗਤ ਦੀਆਂ ਪੇਟ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਬਿਨਾਂ ਵੇਲਾ ਵਖ਼ਤ ਵਿਚਾਰੇ ਤੋਂ ਪ੍ਰਸ਼ਾਦਾ ਦਾਲਾ ਮੁਹਈਆ ਹੁੰਦਾ ਹੈ।

ਇਸ ਦੇ ਨਾਲ ਵਾਲੀ ਹਲਟੀ ਵੀ ਇਤਿਹਾਸਕ ਮਹੱਤਵ ਵਾਲੀ ਹੈ। ਜਿਸ ਸ: ਮੰਗਲ ਸਿੰਘ ਬਿਸ਼ਨ ਪੁਰੀਏ ਜਾਗੀਰਦਾਰ ਨੇ ਗੁਰੂ ਰਾਮ ਸਿੰਘ ਜੀ ਦੀ ਸਵਾਰੀ ਲਈ ਚੀਨੀ ਘੋੜੀ ਸੁਹਣਾ ਸਾਜ ਸਜਾ ਲਿਆਂਦੀ ਸੀ, ਜਿਸ ਘੋੜੀ ਦੇ ਕਾਰਨ ਆਪ ਜੀ ਨੂੰ 'ਚੀਨੀਵਾਲਾ' ਵੀ ਸਰਧਾਲੂਆਂ ਨੇ ਨਾਮ ਦਿਤਾ, ਉਸ ਨੇ ਇਕ ਵਾਰ ਨਿੱਕੀਆਂ ਇੱਟਾਂ ਦਾ ਭੱਠਾ ਲਾਇਆ, ਪਰ ਖਾਲਸਾ ਰਾਜ ਦੀ ਮੁੜ ਪ੍ਰਾਪਤੀ ਦੇ ਹਾਲਾਤ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਅਨੁਸਾਰ ਉਹ ਪੱਕੀਆਂ ਇੱਟਾਂ ਹਵੇਲੀ ਨੂੰ ਨਾ ਲੱਗੀਆਂ, ਸਗੋਂ ਸਰਦਾਰ ਨੇ ਸਾਰਾ ਆਵਾ ਸਾਧ ਸੰਗਤ ਦੀ ਸੇਵਾ ਹਿਤ ਖੂਹ ਉਸਾਰਨ ਵਿਚ ਲਾ ਦਿਤਾ। ਹਲਟੀਵਾਲਾ ਖੂਹ ਕਿੰਨੀਆਂ ਯਾਦਾਂ ਸੰਭਾਲੀ ਬੈਠਾ ਹੈ।

ਇਸ ਡਿਉਢੀ ਅੰਦਰ ਇਕ ਸਟੋਰ ਦਾ ਬੂਹਾ ਖੁਲ੍ਹਦਾ ਹੈ। ਡਿਉਢੀ ਦੇ ਨਾਲ ਵਾਰ ਹੀ ਗੁਰੂ ਰਾਮ ਸਿੰਘ ਜੀ ਦਾ ਤਪ ਸਥਾਨ ਹੈ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੀ ਜਿਸਨੂੰ ਨਵੀਂ ਤਜਵੀਜ਼ ਦੇ ਕੇ ਠਾਕਰ ਦਲੀਪ ਸਿੰਘ ਜੀ ਦੀ ਸਮਾਜ ਸੰਬੰਧਤ ਸੁੰਦਰ ਫੋਟੋ ਗ੍ਰਾਫ਼ੀ ਦੀ ਵੇਰਵੇ ਦਸਦੀ ਨੁਮਾਇਸ਼ ਹੈ। ਗੁਰੂ ਕੇ ਤਪ ਸਥਾਨ ਦੇ ਦਰਸ਼ਨ ਵੀ ਕਰੋ ਅਤੇ ਨਾਮਧਾਰੀ ਪੰਥ ਦਾ ਚਿਤ੍ਰ-ਇਤਿਹਾਸ ਵੀ ਵੇਖੋ। ਅੰਨ ਭੰਡਾਰ ਨਾਲ ਦੇ ਕਮਰੇ ਹਨ, ਜਿਹੜੇ ਖਾਸ ਸਫਾਈ ਬਿਨਾਂ ਕਦੇ ਖੁਲ੍ਹਦੇ ਨਹੀਂ, ਅੰਨ ਦਾਣਾ ਉਪਰੋਂ ਮੂਘਾਂ ਵਿਚੋਂ ਹੀ ਅੰਦਰ ਭੇਜਿਆ ਜਾਂਦਾ ਹੈ ਅਤੇ ਹੇਠਲੇ ਮੂੰਘਾਂ ਦੁਆਰਾ ਹੀ ਹਾਸਲ ਹੁੰਦਾ ਹੈ। ਪਹਿਲਾਂ, ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਦੀਆਂ ਪੌੜੀਆਂ ਦੀ ਵਰਤੋਂ ਨਾਲ ਸਿੰਘ ਅੰਨ ਦੀਆਂ ਬੋਰੀਆਂ ਕਮਰ ਤੇ ਧਰਕੇ ਉਪਰ ਚੜ੍ਹਦੇ ਤੇ ਮੂੰਘਾਂ ਵਿਚ ਵਗਾਂਹਦੇ ਸਨ। ਅੱਜ ਸਹੂਲਤਾਂ ਭਰੇ ਜੁਗ ਵਿਚ ਕਰੇਨ ਵਰਗੀ ਇਕ ਮਸ਼ੀਨ ਹੈ ਜੁ ਸੈਂਕੜੇ ਮਣਾਂ ਕਣਕ ਦਿਹਾੜੀ ਵਿਚ ਭੰਡਾਰਾਂ ਵਿਚ ਘੱਲ ਦਿੰਦੀ ਹੈ।

ਇਹਨਾਂ ਪੌੜੀਆਂ ਤੋਂ ਸੱਜੇ ਹੱਥ ਦੇ ਮਕਾਨ, ਸਣੇ ਗੱਦੀ ਸਾਹਿਬ ਵਾਲੇ ਚੁਬਾਰੇ ਦੇ ਅਜੇ ਬਣਨ-ਵਿਉਂਤ ਵਿਚ ਹਨ।



Namdhari Elibrary NamdhariElibrary@gmail.com

ਲੰਗਰ ਸੇਵਾ ਨੂੰ ਨਿਰੰਤਰ ਜਾਰੀ ਰਖਦਿਆਂ ਗੁਰੂ ਰਾਮ ਸਿੰਘ ਜੀ ਵਾਲੀ ਲੋਹ ਦਾ ਸਾਰਾ ਆਲਾ ਦੁਆਲਾ ਨਵੀਨ ਢਾਂਚੇ ਨਾਲ ਪੱਕਾ ਉਸਾਰ ਲਿਆ ਗਿਆ ਹੈ। ਇਸ ਦੇ ਨਾਲ ਵਾਲੀ, ਅੰਗਰੇਜ਼ ਸਮੇਂ ਚੱਲੀ ਅਖੰਡ ਪਾਠ ਵਾਲੀ ਕੋਠੜੀ, ਇਤਿਹਾਸਕ ਹੋਣ ਕਰਕੇ ਜੈਸੀ ਕੀ ਤੈਸੀ ਸੰਭਾਲ ਰਖੀ ਗਈ ਹੈ। ਲੰਗਰ ਨਾਲ ਦੀ ਸਾਰੀ ਕੱਚੀ ਉਸਾਰੀ ਦੀ ਥਾਂ ਤੇ ਹੁਣ ਸਾਧ ਸੰਗਤ ਲਈ ਬੈਠ ਕੇ ਪ੍ਰਸ਼ਾਦ ਛਕਣ ਵੰਡਣ ਲਈ ਸੁੰਦਰ ਵਰਾਂਡਾ ਉਸਰ ਗਿਆ ਹੈ।

ਲੋਹ ਅਗੋਂ ਲੰਘ ਕੇ ਛੋਟੇ ਬਾਲਣ ਭੰਡਾਰ ਪਾਸੋਂ ਗੁਜ਼ਰਦਿਆਂ ਬਾਹਰ ਆਈਏ। ਇਹ ਜਗਹ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਮਿਸਤਰੀਆਂ ਪਾਸੋਂ ਖਰੀਦ ਕੇ, ਲੰਗਰ ਪਿਛਵਾੜੇ ਵਾਲੀ ਥੀਹੀ ਨਾਲ, ਪਿਠ ਕਰਕੇ ਕੇਵਲ ਦਾਲਾ ਬਣਾਣ ਵਾਲਾ ਲੰਗਰ ਉਸਾਰਿਆ ਗਿਆ ਹੈ ਜਿਥੇ ਇਕ ਵਕਤ ੭-੮ ਵਲਟੋਹੇ ਦਾਲਾ ਤਿਆਰ ਕਰਨ ਲਈ ਰਖੇ ਜਾ ਸਕਦੇ ਹਨ। ਲਾਂਘਾ ਛਡ ਏਥੇ ਹੀ ਨਵੇਂ ਲੰਗਰ ਦੀ ਤਿਆਰੀ ਹੋ ਗਈ ਹੈ ਜਿਥੇ ਬਿਨਾ ਮੀਂਹ ਕਣੀ ਦੇ ਡਰੋਂ ਹਜ਼ਾਰਾਂ ਦੀ ਗਿਣਤੀ ਨੂੰ ਪ੍ਰਸ਼ਾਦੇ ਪਕਾ ਕੇ ਦਿਤੇ ਜਾ ਸਕਦੇ ਹਨ ਅਤੇ ਇਸ ਦੇ ਨਾਲ ਹੀ ਉਹ ਚੁਗਿਰਦਾ ਜਾਰੀ ਹੋ ਜਾਂਦਾ ਹੈ ਜਿਸਦੇ ਦੁਆਲੇ ੭-੭ ਫੁਟ ਉਚੀ ਦੀਵਾਰ ਅਤੇ ਵਿਚ ਸੈਂਕੜਿਆਂ ਦੀਆਂ ਪੰਗਤਾਂ ਲਗਣ ਦੀ ਗੁੰਜਾਇਸ਼ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੀ ਬਣੀ ਭੈਣੀ ਸਾਹਿਬ ਨੂੰ ਢਾਈ ਕਿਲੋਮੀਟਰ ਲੰਮੀ ਪੱਕੀ ਚੌੜੀ ਸੜਕ ਕਟਾਣੀਓਂ ਉਤਰ ਕੇ ਆਉਂਦੀ ਹੈ। ਚੰਡੀਗੜ ਤੇ ਲੁਧਿਆਣੇ ਨੂੰ ਸਵੇਰੇ ਸਵੇਰੇ ਦੋ ਬਸਾਂ ਏਥੋਂ ਨਿਕਲਦੀਆਂ ਹਨ। ਭਾਵੇਂ ਦੇਸ ਉਸਾਰੀ, ਖਾਸ ਕਰ ਪੰਜਾਬ ਵਿਚ ਸੜਕ ਉਸਾਰੀ ਵੀ ਇਸ ਦਾ ਕਾਰਨ ਹੋ ਸਕਦੀ ਹੈ ਪ੍ਰੰਤੂ ਸ੍ਰੀ ਸਤਿਗੁਰੂ ਜੀ ਦਾ ਵਿਸ਼ੇਸ਼ ਧਿਆਨ ਵੀ ਇਹ ਸਹੂਲਤਾਂ ਪੈਦਾ ਕਰਨ ਵਿਚ ਸਹਾਇਕ ਹੈ।

ਪਿੰਡ ਵਿਚ ਕਟਾਣੀ ਵਲੋਂ ਪਹੁੰਚ ਕੇ ਸੜਕ ਕੂਮਕਲਾਂ ਤਕ ਜਾਂਦੀ ਹੈ। ਇੰਜ ਭੈਣੀ ਸਾਹਿਬ ਦੋਹਾਂ ਸੜਕਾਂ ਦੇ ਵਿਚਾਲੇ ਆ ਗਿਆ ਹੈ। ਸਮਰਾਲਾ ਚੌਂਕ ਲੁਧਿਆਣਾ ਤੋਂ ਚੰਡੀਗੜ੍ਹ ਤਕ ਜਾਂਦੀ ਸੜਕ ਦੇ ਕਟਾਣੀ ਤਕ ਦੇ ਟੋਟੇ ਦਾ ਨਾਂ 'ਸਤਿਗੁਰੂ ਰਾਮ ਸਿੰਘ ਜੀ ਮਾਰਗ' ਹੈ। ਕਟਾਣੀ ਤੋਂ ਇਹ ਭੈਣੀ ਸਾਹਿਬ ਨੂੰ ਮੁੜਦਾ ਹੈ, ਲਿੰਕ ਰੋਡ ਨਾਲ। ਦੂਜੀ ਸੜਕ ਲੁਧਿਆਣਾ ਮਾਛੀਵਾੜਾ ਰੋਡ ਹੈ ਜੁ ਕੁਹਾੜੇ ਤੋਂ ਵੱਖ ਹੋ ਮਾਛੀਵਾੜੇ ਪਹੁੰਚਦੀ ਹੈ। ਇਸਦੇ ਟੋਦੇਵਾਲ ਚੌਕ ਤੋਂ ਦੋ ਕਿਲੋਮੀਟਰ ਭੈਣੀ ਸਾਹਿਬ ਵੱਲ ਦਾ ਟੋਟਾ ਹੈ। ਭੈਣੀ ਸਾਹਿਬ ਪਹੁੰਚਣ ਵਾਲੇ ਦੋਹਾਂ ਸੜਕਾਂ ਦਾ ਲਾਭ ਉਠਾ ਸਕਦੇ ਹਨ। ਲੁਧਿਆਣੇ ਵਾਸਤੇ ਇਹ ਕੁਝ ਨੇੜੇ ਦਾ ਰਾਹ ਹੈ।

ਜਿਸ ਭੈਣੀ ਸਾਹਿਬ ਡੇਰੇ ਪਾਸ ੫-੭ ਏਕੜ ਤੋਂ ਵੱਧ ਜ਼ਮੀਨ ਨਹੀਂ ਸੀ, ਉਸ ਲਈ ੮੦ ਏਕੜ ਦਾ ਪ੍ਰਬੰਧ ਤਾਂ ਪਿੰਡ ਦੀਆਂ ਜ਼ਮੀਨਾਂ ਵਿਚੋਂ ਹੀ ਕਰ ਲਿਆ ਗਿਆ ਹੈ। ੬ ਏਕੜ ਰਾਈਆਂ ਵਿਖੇ ਡੇਰੇ ਦੀ ਜ਼ਮੀਨ ਹੈ ਜਿਸ ਚੋਂ ੧੨ ਬਾਬਾ ਮੱਲ ਸਿੰਘ ਵਲੋਂ ਆਈ ਹੈ। ਇਸ ਵਿਚ ਕਿੰਨੂੰ, ਸੇਉ, ਬੇਰ, ਅਮਰੂਦ ਤੇ ਅੰਗੂਰ, ਅੰਬ ਆੜੂ ਦੇ ਬਾਗ਼ ਹਨ। ਹੋਰ ੧੦੦ ਏਕੜ ਸਤਿਲੁਜ ਦੀ ਬੇਟ ਵਿਚ ਉਪਜਾਊ ਧਰਤੀ ਹੈ। ਅਜੇ ੫੦ ਏਕੜ ਜ਼ਮੀਨ ਏਥੇ ਦਰਿਆ ਬੁਰਦ ਵੀ ਹੋ ਗਈ ਹੈ। ਇੰਜ ਸਤਿਗੁਰੂ ਜਗਜੀਤ ਸਿੰਘ ਜੀ ਨੇ ਭੈਣੀ ਸਾਹਿਬ ਨੂੰ ਵੀ ਜ਼ਮੀਨਦਾਰ ਬਣਾ ਦਿਤਾ ਹੈ।

ਆਓ, ਮੁੜ ਉਸਾਰੀ ਵਲ ਪਰਤੀਏ।

ਸੜਕ ਤੇ ਖਲੋਤਿਆਂ ਬੈਂਕ ਆਫ਼ ਬੜੋਦਾ ਦੇ ਨੇੜੇ ਜੇ ਰਾਮਸਰ ਵਲ ਨੂੰ ਮੂੰਹ ਕਰੀਏ ਤਾਂ ਸਜੇ



Namdhari Elibrary NamdhariElibrary@gmail.com

ਹੱਥ ਇਕ ਬਹੁਤ ਉਚੀ ਪੱਕੀ ਦੀਵਾਰ ਵਿਚ ਘਿਰਿਆ ਨਜ਼ਰ ਪਏਗਾ । ਇਹਦੇ ਨਾਲ ਨਾਂਗ ਵਾਲਾ ਖੂਹ ਹੈ । ਇਹ ਵੀ ਇਤਿਹਾਸਕ ਹੈ । ਇਸ ਵੇਲੇ ਮੈਨੇ ਲੋੜ ਤੁਹਾਨੂੰ ਇਹਦੀ ਇਤਿਹਾਸਕਤਾ ਦਸਣਾ ਨਹੀਂ, ਸਿਰਫ਼ ਏਨਾ ਜਤਲਾਣਾ ਹੈ ਕਿ ਇਸਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖੋਲਾ ਹਣੋਂ ਬਚਾ ਲਿਆ । ਇਸ ਦੇ ਪਾਸ ਨਾਮਧਾਰੀ ਅਲੈਵਨ ਸੀਨੀਅਰ ਹਾਕੀ ਟੀਮਾ ਦੇ ਜਵਾਨਾ ਲਈ ਕਮਰੇ ਹਨ ਅਤੇ ਕੋਟ ਗੰਗੂ ਰਾਇ ਨੂੰ, ਕੱਲ ਦੀ ਲੰਘਦੇ ਰਾਹੋਂ, ਪਾਰਲੇ ਪਾਰ ਇਸ ਟੀਮ ਦੇ ਮੈਨੇਜਰ ਸ: ਰਛਪਾਲ ਸਿੰਘ ਦੀ ਵਸੋਂ ਹੈ । ਇਹ ਸਾਰੀ ਨਵੀਂ ਉਸਾਰੀ ਹੈ ਅਤੇ ਅਜੇ ਗੰਗੂ ਰਾਇ ਦੇ ਕੋਟ ਵਲ ਹੋਰ ਵੀ ਕਮਰੇ ਹਨ ਜੁ ਲੇਬਰ ਵਾਸਤੇ ਅਰਥਾਤ ਖੇਤ ਮਜ਼ਦੂਰਾਂ ਲਈ ਹਨ ।

ਏਥੇ ਹੀ ਇਹ ਵੀ ਗੱਲ ਮੁਕਾ ਲਈਏ ਕਿ ਸਤਿਗੁਰਾਂ ਦੀ ਕ੍ਰਿਪਾ ਨਾਲ ਭੈਣੀ ਸਾਹਿਬ ਵਿਚ ਬਿਜਲੀ ਦਾ ਗ੍ਰਿੜ ਵੀ ਕੰਮ ਕਰ ਰਿਹਾ ਹੈ ਜਿਸ ਕਾਰਨ ਨਗਰ ਵਾਸੀਆਂ ਨੂੰ ਦਿਨ ਰਾਤ ਬਿਜਲੀ ਦੀ ਸਪਲਾਈ ਹੁੰਦੀ ਹੈ ਅਤੇ ਇਸ ਨਗਰ ਨੂੰ ਸਾਰੀ ਦੁਨੀਆ ਨਾਲ ਜੋੜੀ ਰਖਣ ਹਿਤ ਟੈਲੀਫੋਨ ਦੀਆਂ ਤਾਰਾਂ ਵਿਛ ਗਈਆਂ ਹਨ । ਜਿਨ੍ਹਾਂ ਉਤੇ ਸਤਿਗੁਰਾਂ ਨੇ ਕਰਨ ਦਰਸ਼ਨਾਂ ਦੀ ਕਿਰਪਾ ਕਰਨੀ ਹੁੰਦੀ ਹੈ, ਉਨ੍ਹਾਂ ਦੇ ਟੈਲੀਫੋਨ ਨੰਬਰ ਮਿਲਦੇ ਹੀ ਰਹਿੰਦੇ ਹਨ ਅਤੇ ਜਿਨ੍ਹਾਂ ਸੰਸਾਰ ਦੇ ਕਿਸੇ ਕੋਨੇ ਵਿਚੋਂ ਵੀ ਰਸਨਾਂ ਦੁਆਰਾ ਚਰਨ ਸਪਰਸ਼ ਕਰਨੇ ਹੋਣ ਉਹ ਵੀ ਐਸ. ਟੀ. ਡੀ. ਰਾਹੀਂ ਇਹ ਲਾਭ ਲੈ ਸਕਦੇ ਹਨ। ਪ੍ਰਤੀਤ ਇਹ ਹੁੰਦਾ ਹੈ ਕਿ ਸਤਿਗੁਰਾਂ ਨੇ ਭੈਣੀ ਸਾਹਿਬ ਨੂੰ ਆਧੁਨਿਕਤਮ ਨਗਰੀ ਬਣਾਣ ਦੀ ਅੰਦਰਖਾਤੇ ਠਾਣ ਰਖੀ ਹੈ ।

ਅਤੇ ਮੈਨੂੰ ਇਹ ਯਕੀਨ ਹੈ ਕਿ ਜੋ ਕੁਛ ਕਰਨ ਤੇ ਆ ਜਾਣ ਸਤਿਗੁਰੂ ਸੱਚੇ ਪਾਤਸ਼ਾਹ ਉਹ ਕਰ ਹੀ ਛਡਦੇ ਹਨ ।

### ਸਵੈ ਸਹਾਇਤਾ ਵਿਵਸਥਾ

ਸ੍ਰੀ ਸਤਿਗੁਰੂ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਨੇ ਭੈਣੀ ਸਾਹਿਬ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ ਹੈ । ਆਪ ਮਿੱਟੀ ਦੀਆਂ ਟੋਕਰੀਆਂ ਚੁਕੀਆਂ, ਇੱਟਾਂ ਢੋਈਆਂ ਅਤੇ ਕਾਰੀਗਰਾਂ ਨੂੰ ਸੀਮਿੰਟ ਦੇ ਤਸਲੇ ਫੜਾਏ ਹਨ । ਭੈਣੀ ਸਾਹਿਬ ਦੇ ਹਰ ਕਮਰੇ ਵਿਚ ਮਾਤਾ ਜੀ ਦਾ ਪ੍ਰੀਸ਼ਰਮ ਹਰ ਕਿਸੇ ਨੇ ਨੋਟ ਕੀਤਾ ਹੋਵੇਗਾ । ਆਪ ਜੀ ਨੇ ਕੇਵਲ ਸੇਵਾ ਕਾਰਜ ਹੀ ਨਹੀਂ ਕੀਤਾ ਸਗੋਂ ਪ੍ਰੇਰਣਾ ਸਰੋਤ ਦੇ ਰੂਪ ਵਿਚ ਅਨੇਕਾ ਕਾਰੀਗਰਾਂ ਅਤੇ ਸੇਵਕ ਨਰ ਨਾਰਾਂ ਦਾ ਰਾਹ ਰੁਸ਼ਨਾਇਆ ਹੈ ।

ਐਸੀ ਵਿਵਸਥਾ ਵੀ ਕੀਤੀ ਗਈ ਕਿ ਗੁਰੂ ਕੇ ਪ੍ਰੇਮੀ ਜੁ ਹਰ ਮੇਲੇ ਮੁਸਾਹਬੇ ਸਮੇਂ ਭੈਣੀ ਸਾਹਿਬ ਦਰਸ਼ਨ ਕਰਨ ਆਉਂਦੇ ਹਨ, ਉਹ ਏਥੇ ਆਪਣੀ ਪੱਕੀ ਰਿਹਾਇਸ਼ਗਾਹ ਬਣਾਣ. ਇਸ ਦਾ ਆਰੰਭ ਜਿਥੋਂ ਅਸੀਂ ਰਾਮਸਰ ਖੇਤਰ ਵਿਚ ਦਾਖਲ ਹੋ, 'ਗੁਰੂ ਕੇ ਨਿਵਾਸ' ਦੇ ਬਰਾਬਰ ਸੱਜੇ ਪਾਸੇ ਵਲ ਵੇਖਦੇ ਹਾਂ, ਏਥੇ ਸੇਠ ਤਰਲੋਕ ਸਿੰਘ ਹੁਰਾਂ ਦੇ ਕੰਪਲੈਕਸ ਨਾਲ ਹੋਇਆ ਹੈ । ਜਿਸਨੂੰ ਉਨ੍ਹਾਂ ਦੋ ਚਾਰ ਦਿਨਾਂ ਦੇ ਨਿਵਾਸ ਬਾਦ ਗੁਰੂ ਕੇ ਹਵਾਲੇ ਕੀਤਾ ਹੁੰਦਾ ਹੈ । ਜਿਥੇ ਖਾਸ ਪ੍ਰਾਹੁਣੇ ਅਗੇ ਪਿੱਛੇ ਆ ਕੇ ਟਿਕ ਸਕਦੇ ਹਨ । ਇਸ ਦਾ ਆਉ ਭਗਤ ਨਾਲ ਦਾ ਹਿੱਸਾ ਆਮ ਕਰਕੇ ਬੈਂਕੋਕੀਆਂ ਲਈ ਇਸਤੇਮਾਲ ਹੁੰਦਾ ਹੈ । ਟੱਟੀ ਗੁਸਲਖ਼ਾਨਾ ਆਦਿ ਦੀ ਸਹੂਲਤ ਸਭ ਥਾਂ ਉਪਲਬਧ ਹੈ । ਰਾਹੋਂ ਖੱਬੇ ਹੱਥ ਦਾ ਕੰਪਲੈਕਸ ਸਤਿਗੁਰੂ ਜੀ ਦੇ ਪਰਵਾਰ ਤੇ ਖਾਸੁਲ ਖਾਸ ਵਾਸਤੇ ਵਰਤਿਆ ਜਾਂਦਾ ਹੈ ।

ਆਓ ਭਗਤ ਚਾਰ ਛੱਤੇ ਫਲੈਟਾਂ ਨੂੰ ਅਸੀਂ ਸਭ ਜਾਣਦੇ ਹਾਂ, ਜਿਸ ਵਿਚ ਨਿਜੀ ਮਾਲਿਕੀ ਵਾਲੇ ਅਤੇ ਰਾਤ ਭਰ ਦੇ ਵਿਸ਼ਰਾਮ ਵਾਲੇ ੫੦ ਤੋਂ ਵੱਧ ਪਰਵਾਰ ਸਾਰ ਸਕਦੇ ਹਨ । ਇਸ ਵਿਚ



Namdhari Elibrary NamdhariElibrary@gmail.com

ਡੇਰੇ ਦੇ ਪ੍ਰਮੁਖ ਕਾਰਿੰਦਿਆਂ, ਸੇਵਾਦਾਰਾਂ ਦੇ ਸਮੁਚੀਆਂ ਸਹੂਲਤਾਂ ਵਾਲੇ ਫਲੈਟ ਹਨ।

ਰਾਮ ਸਰ ਦਾ ਇਹ ਚੌਂਕ ਜੋ ਕਿ ਸੇਠ-ਭਵਨ, ਆਓ ਭਗਤ, ਗੁਰੂ ਕਾ ਨਿਵਾਸ, ਸਤਿਗੁਰਾਂ ਦੀ ਨਿਜੀ ਕੋਠੀ ਅਤੇ ਨਿਜੀ ਸਕੱਤਰ ਦੇ ਦਫਤਰ ਵਾਲਾ ਕਮਰਾ-ਸਮੂਹ ਹੈ, ਇਹ ਵੀ ਅਤਿ ਨਿਕਟੀ ਸੇਵਕਾਂ ਦੇ ਵਿਸ਼ਰਾਮ ਸਥਾਨ, ਸਭ ਤਰ੍ਹਾਂ ਦੀਆਂ ਸਹੂਲਤਾਂ ਵਾਲੇ ਹਨ।

## ਗੁਰੂ ਕਾ ਨਿਵਾਸ

ਜਿਥੇ ਬੀਬੀ ਗੁਰਨਾਮ ਕੌਰ ਦਾ ਕਦੇ ਡੇਰਾ ਤੇ ਕੋਠੀ ਨੂੰ ਲਾਂਘੇ ਵਾਲੀ ਡਿਉੜੀ ਹੁੰਦੀ ਸੀ, ਏਥੇ, ਸ੍ਰੀ ਜਗਜੀਤ ਔਸ਼ਧਾਲਿਆ ਵਾਲੀ ਥਾਏਂ ਕਦੇ ਬੈਣੀ ਸਾਹਿਬ ਵਿਚ ਹੁੰਦੇ ਸਵਾ ਲਖ ਪਾਠਾਂ ਚੰਡੀ ਦੀ ਵਾਰ ਦੇ ਪਾਠਾਂ ਆਦਿ ਦਾ ਦਫਤਰ ਹੁੰਦਾ ਸੀ, ਜਿਸ ਨੂੰ ਆਮ ਕਰਕੇ ਸੰਤ ਅਮਰ ਸਿੰਘ ਭਾਗੋਵਾਲੀਆ ਸੰਭਾਲਦਾ ਸੀ। ਪਰ ਇਸ ਤੋਂ ਪਹਿਲਾਂ ਜਥੇਦਾਰ ਗੁਰਮੁਖ ਸਿੰਘ ਝੱਬਰ ਦਾ ਪਰਵਾਰਕ ਨਿਵਾਸ ਵੀ ਇਹੋ ਥਾਂ ਸੀ। ਹੁਣ ਏਥੇ ਨਵੇਂ ਸਵਾਗਤੀ ਕਮਰੇ ਤੇ ਦਰਸ਼ਨ ਮੇਲੇ ਵਾਸਤੇ ਹਾਲ ਕਮਰੇ ਬਣ ਗਏ ਹਨ।

ਤਿੰਨ ਛੱਤਾ ਗੁਰੂ ਕਾ ਨਿਵਾਸ ਅਤੇ ਨਾਲ ਲਗਦੀ ਤਿੰਨ ਛੱਤੀ ਅਨੈਕਸੀ ਗੁਰੂ ਕੇ ਪਰਵਾਰ ਅਤੇ ਹੋਰ ਵਿਅਕਤੀਆਂ ਲਈ ਸਾਰੀਆਂ ਸਹੂਲਤਾਂ ਮੁਹਈਆ ਕਰਦੇ ਹਨ।

## ਗੁਰੂ ਕੀ ਕੋਠੀ

ਆਓ, ਜ਼ਰਾ ਆਹਿਸਤਾ ਆਹਿਸਤਾ ਸਤਿਗੁਰੂ ਜੀ ਦੇ ਨਿਜੀ ਨਿਵਾਸ, ਨਵੀਂ ਬਣੀ ਕੋਠੀ, ਵਲ ਝਾਤ ਮਾਰ ਲਈਏ। ਇਸ ਕੋਠੀ ਨੇ ਜੁ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਸ਼ੋਰ ਅਵਸਥਾ ਦਾ ਜਿਉਂਦਾ ਜਾਗਦਾ ਪ੍ਰਮਾਣ ਸੀ ਤੇ ਹੈ ਜਿਥੇ ਵਰਤਮਾਨ ਸਤਿਗੁਰੂ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਨੇ ਆਪਣਾ ਬਚਪਨ, ਕਿਸ਼ੋਰਾਵਸਥਾ ਅਤੇ ਪ੍ਰੌਢਤਾ ਦਾ ਬਹੁਤਾ ਸਮਾ ਬਿਤਾਇਆ ਹੈ, ਹੁਣ ਇਸ ਨੇ ਤੀਜੀ ਕਰਵਟ ਲਈ ਹੈ. ਦੂਜੀ ਵਿਚ ਸਤਿਗੁਰੂ ਜੀ ਨੇ ਇਨ੍ਹਾਂ ਦੇ ਉਪਰ ਦੋ ਤਿੰਨ ਕਮਰੇ ਪਾਏ ਸਨ, ਲੰਗਰ ਆਦਿ ਦੇ ਪ੍ਰਬੰਧ ਲਈ ਜਾਂ ਗੁਰੂ ਸਪੁਤਰੀ ਬੀਬਾ ਸਾਹਿਬ ਕੌਰ ਜੀ ਦੀ ਸਹੂਲਤ ਲਈ ਪ੍ਰੰਤੂ ਹੁਣ ਇਸ ਨੂੰ ਸੰਪੂਰਣ ਨਵੀਨਤਾ ਪ੍ਰਦਾਨ ਕੀਤੀ ਗਈ ਹੈ। ਸੰਤ ਬਲਵੰਤ ਬਾਲੀ ਨਗਰ ਨਵੀਂ ਦਿੱਲੀ, ਸੰਤ ਮਹਿੰਦਰ ਸਿੰਘ, ਸੰਤ ਚਰਨ ਸਿੰਘ ਬਾਲੀ ਨਗਰ, ਸੰਤ ਸਾਧਾ ਸਿੰਘ, ਸੰਤ ਹਰਬੰਸ ਸਿੰਘ ਮੁਹਾਰਾਂਵਾਲੇ ਹਾਲ, ਪ੍ਰਥਮ, ਪ੍ਰਬੰਧਕ ਨਾਮਧਾਰੀ ਧਰਮਸਾਲਾ ਰਮੇਸ਼ ਨਗਰ, ਦੂਜੇ, ਪੰਜਾਬੀ ਬਾਗ਼ ਨਵੀਂ ਦਿੱਲੀ ਆਦਿ ਸਜਣਾਂ ਨੇ ਵਿਸ਼ੇਸ਼ ਕਾਰੀਗਰ ਲੁਆਕੇ ਇਸਨੂੰ ਕੁਛ ਤਬਦੀਲੀਆਂ ਨਾਲ ਆਲੀਸ਼ਾਨ ਬਣਵਾ ਦਿਤਾ ਹੈ। ਇਹਨਾਂ ਸਿੰਘਾਂ ਦਾ ਵਿਚਾਰ ਸੀ: ਸਾਡੇ ਹਿਰਦੇ ਸਮਰਾਟ ਸਾਡੇ ਵਰਗੀਆਂ ਥਾਵਾਂ ਤੋਂ ਉਤਮ ਨਿਵਾਸ ਵਿਚ ਬਿਰਾਜਣੇ ਚਾਹੀਦੇ ਹਨ। ਦਖਣੀ ਪਾਸੇ ਦਾ ਵਰਾਂਡਾ ਛੱਡ ਕੇ ਬਾਕੀ ਵਰਾਂਡੇ ਕਮਰਿਆਂ ਦੇ ਰੂਪ ਵਿਚ ਬਦਲ ਗਏ ਅਤੇ ਜ਼ੀਨਾ ਅੰਦਰੋਂ ਹੀ ਉਪਰ ਨੂੰ ਉਠ ਗਿਆ ਹੈ।

ਅਜੋਕੀਆਂ ਜ਼ਰੂਰਤਾਂ ਅਤੇ ਸਹੂਲਤਾਂ ਸਤਿਗੁਰੂ ਜੀ ਦੇ ਨਵਰੂਪ ਸਥਾਨ ਵਿਚ ਮੌਜੂਦ ਹਨ।

ਇਸ ਕੋਠੀ ਦੇ ਗਿਰਦ, ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਬਹੁਤ ਸਾਰੇ ਬਿਰਛ ਬੂਟੇ ਸਨ, ਉਨ੍ਹਾਂ ਚੋਂ ਕੁਛ ਉਤਮ ਕਿਸਮਾਂ ਰਖ ਬਾਕੀ ਦਿਆਂ ਨੂੰ ਛੁਟੀ ਦੇ ਕੇ ਸਾਦਾ ਸੁੰਦਰ ਘਾਹ ਕਿਤਿਆਂ ਵਿਚ ਬਦਲ ਦਿਤਾ ਗਿਆ ਹੈ। ਪਰ ਅਜ ਕਲ ਸਭ ਕੁਛ ਬਦਲ ਗਿਆ ਹੈ। ਦੋ ਦੋ ਫੁਟ ਹੋਰ ਮਿਟੀ ਪਾ ਕੇ, ਕਈ ਥਾਂਈਂ ੩ ਫੁਟ ਤਕ ਪਧਰ ਉਚਾ ਕਰਕੇ ਕੋਠੀ ਦੇ ਦੁਆਲੇ ਨੂੰ ਇਕਸਾਰਤਾ ਦਿਤੀ ਗਈ ਹੈ।

ਪਰਵੇਸ਼ ਦੁਆਰ ਵੀ ਬਦਲ ਦਿਤਾ ਗਿਆ ਹੈ। ਨਵੀਂ ਵਿਉਂਤ ਅਨੁਸਾਰ ਪੱਕੀ ਸੜਕੋਂ



Namdhari Elibrary NamdhariElibrary@gmail com

ਉੱਤਰ ਕੇ ਸਰੋਵਰ ਵਲ ਜਾਣ ਵਾਲੀ ਸੜਕ ਤੋਂ ਹੀ ਕੋਠੀ ਲਈ ਪਰਵੇਸ਼ ਦੁਆਰ ਬਣਾ ਦਿਤਾ ਗਿਆ ਹੈ ਜਿਥੇ ਨਾਲ ਹੀ ਅੰਗ ਰਖਿਅਕਾਂ ਅਤੇ ਨਿਜੀ ਸਕੱਤਰ ਦੀ ਰਿਹਾਇਸ਼ ਦਾ ਪ੍ਰਬੰਧ ਹੋਵੇਗਾ। ਇਹ ਕੋਠੀ ਦਾ ਪਛਮੀ ਪਾਸਾ ਹੋਵੇਗਾ।

ਪੂਰਬ ਵੱਲੋਂ ਕੋਠੀ ਦੀ ਦੀਵਾਰ ਦੇ ਨਾਲ ਲਗਦਾ ਸਥਾਨ ਸਤਿਗੁਰੂ ਜੀ ਦੇ ਚਰਨ ਪ੍ਰੇਮੀ ਸ: ਜਸਵੰਤ ਸਿੰਘ ਕੱਲੇ ਦਾ ਘਰ ਹੈ। ਅਤੇ ਉੱਤਰ-ਪੂਰਬ ਵੱਲ ਹਰੀ ਮੰਦਰ ਦੀ ਅਜੋਕੀ ਖੂਬਸੂਰਤੀ ਤੇ ਸਾਦਗੀ ਹੈ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੀਆਂ ਹੀ ਪ੍ਰਾਪਤੀਆਂ ਹਨ।

## ਵਰਨੀਆਂ ਵਾਲਾ ਬੂੰਗਾ

ਹਰੀ ਮੰਦਰ ਦੇ ਉਤਰ-ਪੂਰਬ ਨੂੰ ਵਰਨੀਆਂ ਵਾਲਾ ਸਾਰਾ ਹੀ ਖੇਤਰ ਕਦੇ ਕੱਚੇ ਕਮਰਿਆਂ ਦਾ ਇਕ ਲੜਾ ਸੀ। ਅੱਜ ਇਹ ਅੱਧਾ ਦੋ ਛੱਤਾ ਅਤੇ ਪੱਕਾ ਹੋ ਗਿਆ ਹੈ। ਦੂਜਾ ਅੱਧ ਪੱਕੀਆਂ ਇੱਟਾਂ ਵਾਲੇ ਕਮਰਿਆ ਦਾ ਹੈ। ਦਖਣੀ ਬਾਹੀ ਦਾ ਅੱਧਾ ਹਿੱਸਾ ਜਪ ਪ੍ਰਯੋਗ ਦੇ ਦਿਨੀਂ ਸੰਪੂਰਣ ਇਕਾਂਤ ਮਾਣਨ ਵਾਸਤੇ ਸਤਿਗੁਰੂ ਜੀ, ਮਹਾਰਾਜ ਜੀ ਤੇ ਹੋਰ ਪੁਰਸ਼ ਮੈਂਬਰਾਂ ਦੀ ਵਰਤੋਂ ਲਈ ਰਿਹਾ ਹੈ। ਹੁਣ ਇਹ ਇਕਾਂਤ ਕੋਠੀ ਵਿਚ ਹੀ ਮਿਲ ਜਾਇਆ ਕਰੇਗੀ।

ਏਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤਪ ਸਥਾਨ ਪਹਿਲਾਂ ਅਕਾਲ ਬੁੰਗੇ ਵਾਂਗ ਛੋਟੇ ਕਮਰੇ ਦਾ ਸੀ ਹੁਣ ਵਰਤਮਾਨ ਸਤਿਗੁਰੂ ਜੀ ਨੇ ਉਸਨੂੰ ਲੰਬਾ ਛਪਰ ਬਣਾ ਦਿਤਾ ਹੈ। ਪ੍ਰਤੀਤ ਹੁੰਦਾ ਹੈ, ਸਮਾਂ ਪਾ ਕੇ ਇਸ ਦੀ ਸ਼ਕਲ ਵੀ ਬਦਲੇਗੀ ਇਸ ਦੀ ਉੱਤਰੀ ਬਾਹੀ ਵਿਚ ਅਟਲ ਪ੍ਰਤਾਪੀ ਜੀ ਦਾ ਸਸਕਾਰ ਕੀਤਾ ਗਿਆ ਸੀ।

ਭਜਨ ਵਰਨੀ ਵਾਲਾ ਸਥਾਨ, ਪਹਿਲਾਂ ਜਿਹਾ ਰਖਦਿਆਂ ਵੀ ਪੱਕਾ ਕਰ ਦਿਤਾ ਗਿਆ ਹੈ।

## ਸਿਮ੍ਰਤੀ ਮੰਦਰ

ਗੋਲ ਛੱਪਰ ਨੂੰ ਨਮਸਕਾਰ ਕਰ ਪਹਿਲਾਂ ਸਿਮਰਤੀ ਮੰਦਰ ਵਲ ਵਧੀਏ। ਇਹ ਇਕ ਏਕੜ ਵਿਚ ਬਿਨ ਥੰਮਾ ਉਸਰਿਆ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਨਿਰਮਿਤ ਹੈ ਜਿਸ ਵਿਚ ੫-੬੦੦੦ ਵਿਅਕਤੀਆਂ ਦੇ ਬੈਠਣ ਨੂੰ ਥਾਂ ਅਤੇ ਉੱਚਾ ਮੰਚ ਸ੍ਰੀ ਸਤਿਗੁਰੂ ਜੀ ਵਾਸਤੇ ਹੈ। ਇਸਦੀ ਉਸਾਰੀ ਦਾ ਆਰਕੀਟੈਕਟ ਸਤਿਗੁਰੂ ਜੀ ਦਾ ਇਕ ਪਰਮ ਪ੍ਰੇਮੀ ਸਿੰਘ ਨੈਰੋਬੀ ਤੋਂ ਹੈ ਜਿਸ ਦਾ ਨਾਮ ਹੈ ਸ: ਗੁਰਚੰਨ ਸਿੰਘ। ਨੈਰੋਬੀ ਵਿਚ ਕੀਨੀਆ ਸਰਕਾਰ ਦੀ ਪਾਰਲੀਮੈਂਟ ਦਾ ਸਹਿਯੋਗੀ ਆਰਕੀਟੈਕਟ ਵੀ ਇਹੋ ਸੀ। ਲਗ ਭਗ ਡੇਢ ਕਰੋੜ ਰੁਪੈ ਦੀ ਲਾਗਤ ਨਾਲ ਉਸਰੇ ਇਸ ਮੰਦਰ ਅੰਦਰ ਤੁਸੀਂ ਕਿਸੇ ਦਾਨੀ ਦੀ ਫਹਿਰਿਸਤ ਨਹੀਂ ਵੇਖੋਗੇ। ਗੁਰੂ ਘਰ ਵਿਚ ਲਗਦੀ ਮਾਇਆ ਗੁਰੂ ਅਰਪਣ ਹੀ ਹੁੰਦੀ ਹੈ, ਸਵੈ ਵਿਖਾਵੇ ਵਾਸਤੇ ਨਹੀਂ। ਠਾਕੁਰ ਦਲੀਪ ਸਿੰਘ ਜੀ ਨੇ ਇਕ ਬੜੀ ਸੁੰਦਰ ਫੋਟੋ ਦੀ ਰਚਨਾ ਕੀਤੀ ਹੈ। ਮਾਤਾ ਚੰਦ ਕੌਰ ਜੀ ਦੇ ਸਿਰ ਉਤੇ ਟੋਕਰੀ ਚੁਕੀ ਹੋਈ ਹੈ ਉਸ ਵਿਚ ਸਿਮ੍ਰਤੀ ਮੰਦਰ ਦੀ ਬਿਲਡਿੰਗ ਹੈ। ਇਹ ਫੋਟੋ ਮਾਤਾ ਜੀ ਦੀ ਸੇਵਾ ਦੀ ਤੇ ਠਾਕਰ ਜੀ ਦੇ ਪ੍ਰੇਮ ਦੀ ਪ੍ਰਤੀਕ ਹੈ। ਹਜਾਰਾਂ ਸਿੰਘਾਂ ਨੇ ਇਸ ਮਹਾ ਮੰਦਰ ਵਿਚ ਧਨ ਪਦਾ-ਰਥ ਨਾਲ ਸੇਵਾ ਕੀਤੀ ਹੈ ਅਤੇ ਹਜ਼ਾਰਾਂ ਨੇ ਹੀ ਹਥੀਂ ਸੇਵਾ ਕਰ ਜਨਮ ਸਫਲ ਕੀਤਾ ਹੈ। ਸਾਰੇ ਹੀ ਨਮਸਕਾਰ ਕਰਨ ਯੋਗ ਹਨ ਪਰ ਮੇਰੇ ਧਿਆਨ ਵਿਚ ਦੋ ਉਹ ਵਿਅਕਤੀ ਵੀ ਆਉਂਦੇ ਹਨ ਜਿਨ੍ਹਾਂ ਦੀਆਂ ਜ਼ਿੰਦਗੀਆਂ ਮੰਦਰ ਉਸਾਰੀ ਵਿਚ ਆਹੂਤ ਹੋ ਗਈਆਂ, ਉਹ ਸਨ ਸੰਤ ਖਜ਼ਾਨ ਸਿੰਘ



Namdhari Elibrary NamdhariElibrary@gmail.com

ਖਾਰਾ, ਰਮੇਸ਼ ਨਗਰ ਦਿੱਲੀ ਤੋਂ ਅਤੇ ਸੰਤ ਬਲਵੰਤ ਸਿੰਘ ਲੁਹਾਰ ਪ੍ਰਤਾਪਪੁਰੇ ਵਾਲੇ ਜਿਨ੍ਹਾਂ ਦਾ ਮਾਣ ਕਰਨ ਯੋਗ ਬੇਟਾ ਸੰਤ ਗੁਰਮੁਖ ਸਿੰਘ ਵੀਡੀਓ ਗ੍ਰਾਫ਼ੀ ਦੁਆਰਾ ਇਤਿਹਾਸ ਸੰਭਾਲਣ ਦੀ ਸੇਵਾ ਕਰ ਰਿਹਾ ਹੈ। ਇਸ ਮੁ ਂਤ ਜੋੜੀ ਨੂੰ ਵੀ ਨਮਸਕਾਰ ਹੈ।

ਇਹ ਸਿਮਰਤੀ ਹਾਲ ਜਿਥੇ ਮੇਲਿਆਂ ਸਮੇਂ ਸਾਧ ਸੰਗਤ ਨੂੰ ਪੱਕੇ ਪੰਡਾਲ ਦਾ ਸੁਖ ਬਖਸ਼ਦਾ ਹੈ, ਉਥੇ ਅਜ ਕਲ ਸਤਿਗੁਰੂ ਪ੍ਰਤਾਪ ਸਿੰਘ ਅਕੇਡਮੀ ਦੇ ਬੱਚਿਆਂ ਦੀ ਸੇਵਾ ਸੰਭਾਲ ਦੇ ਨਾਲ ਵਿੱਦਿਆ ਦੇਣ ਦਿਵਾਣ ਦਾ ਵੀ ਕੇਂਦਰ ਹੈ। ਤਿੰਨਾਂ ਛਤਾਂ ਵਿਚ ਇਸ ਮੰਦਰ ਦੇ ਕਮਰੇ ਨਾਮਧਾਰੀ ਸਮਾਜ ਦੇ ਭਵਿਖ ਦੇ ਹੋਣਹਾਰਾਂ ਨੂੰ ਬੌਧਿਕ ਤੌਰ ਤੇ ਸਮੇਂ ਦੇ ਹਾਣ ਦਾ ਬਣਾਣ ਦੀ ਕੋਸ਼ਿਸ਼ ਹੈ। ਪ੍ਰਿੰਸੀਪਲ ਅਜੀਤ ਸਿੰਘ ਚੀਮਾ ਅਤੇ ਉਨ੍ਹਾਂ ਦੀ ਪ੍ਰਬੰਧਕ ਅਤੇ ਅਧਿਆਪਕ ਟੀਮ ਇਸ ਸਥਾਨ ਨੂੰ ਸਤਿਕਾਰਦੀ ਵੀ ਹੈ, ਵਰਤਦੀ ਵੀ ਤੇ ਸੰਭਾਲਦੀ ਵੀ ਹੈ।

ਕਿਹਾ ਜਾਂਦਾ ਹੈ, ਸਮੁੱਚੇ ਏਸ਼ੀਆ ਵਿਚ ਅਜੇ ਕੋਈ ਅਜਿਹੀ 'ਬਿਨ ਥੰਮਾ ਗਗਨ' ਵਰਗੀ ਹੋਰ ਚੀਜ਼ ਨਹੀਂ ਬਣੀ, ਆਕਾਰ ਪ੍ਰਕਾਰ ਵਲੋਂ।

ਸਿਮਰਤੀ ਮੰਦਰ ਦੁਆਲੇ ਵਿਸ਼ਾਲ ਪਾਰਕ ਜਿਥੇ ਸੈਂਕੜੇ ਬਚਿਆਂ ਨੂੰ ਉਠਣ ਬੈਠਣ ਦੀ ਸਹੂਲਤ ਅਤੇ ਸੁੰਦਰਤਾ ਬਖਸ਼ਦਾ ਹੈ ਉਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੰਦਰੂਨ ਖ਼ੂਬਸੂਰਤੀ ਨੂੰ ਬੈਰੂਨ ਸ਼ਕਲ ਦੇਣ ਵਾਲਾ ਮਹਾਬਾਗਬਾਨ ਸੰਤ ਸੁਖਦੇਵ ਸਿੰਘ ਦੀ ਆਮਦ ਅਤੇ ਧਿਆਨ ਸਾਡੇ ਧੰਨਵਾਦ ਦਾ ਪਾਤਰ ਹੈ। ਸੁਖਦੇਵ ਸਿੰਘ ਨੇ ਸਤਿਗੁਰੂ ਇਛਾ ਅਨੁਕੂਲ ਭੈਣੀ ਸਾਹਿਬ ਨੂੰ 'ਸੁੰਦਰ ਬਣ' ਬਣਾਣ ਦੀ ਠਾਣੀ ਹੋਈ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਚਮਤਕਾਰ-ਸਿਮਰਤੀ ਮੰਦਰ-ਉਸ ਇਤਿਹਾਸਕ ਸਥਾਨ ਦੀ ਯਾਦ ਅਤੇ ਮਹੱਤਤਾ ਦਰਸਾਂਦਾ ਰਹੇਗਾ ਜੋ ੧੯੩੪ ਈਸਵੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਨਾਮ ਲੇਵਾ ਸਰਵ ਸੰਪਰਦਾ ਕਾਨਫਰੰਸ ਕਰਕੇ ਸਿਖਾਂ ਵਿਚ ਪਰਸਪਰ ਇਤਫ਼ਾਕ ਤੇ ਪ੍ਰੇਮ ਲਈ ਪ੍ਰਥਮ ਪ੍ਰਜਤਨ ਕੀਤਾ।

### ਸ਼ਹੀਦੀ ਬੁੰਗਾ

ਮੌਜੂਦਾ ਸ਼ਹੀਦੀ ਬੁੰਗਾ, ਜਿਥੇ ਅਜ ਕਲ ਪਰਮ ਸੰਤ ਅਤੇ ਮਹਾਨ ਸੇਵਕ ਸੰਤ ਹਰਨਾਮ ਸਿੰਘ-ਦਰਸ਼ਨ ਸਿੰਘ ਭਰਾਵਾਂ ਅਤੇ ਹੋਰ ਲੰਗਰ ਸੇਵਕਾਂ ਜਿਵੇਂ ਸੰਤ ਭਗਤ ਸਿੰਘ-ਸੰਤ ਕਿਰਪਾਲ ਆਦਿਕਾਂ ਦਾ ਹੈ। ਏਥੇ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤਾਂ ਵਿਚ ਨਾਮਧਾਰੀ ਬੱਚਿਆਂ ਨੂੰ ਦਸਤਕਾਰੀ ਸਿਖਾਣ ਲਈ ਵਰਕਸ਼ਾਪ ਸੀ। ਖੂਹੀ ਜੁ ਨਾਮਧਾਰੀ ਸਕੂਲ ਦੇ ਬਚਿਆਂ ਦੇ ਇਸ਼ਨਾਨ ਪਾਣੀ ਤੇ ਜਲ ਦੀਆਂ ਲੋੜਾਂ ਪੂਰੀਆਂ ਕਰਦੀ ਸੀ, ਅੱਜ ਕਲ ਇਸ ਇਲਾਕੇ ਦੀਆਂ ਜ਼ਰੂਰਤਾਂ ਪੂਰਦੀ ਹੈ। ਅਕੇਡਮੀ ਦਾ ਦਫਤਰ, ਪ੍ਰਿੰਸੀਪਲ ਦੀ ਰਿਹਾਇਸ਼, ਅਕੇਡਮੀ ਟੀਚਰਾਂ ਦੇ ਫਲੈਟ, ਪਰ੍ਹਾਂ ਨਾਲ ਹੀ ਮੌਜੂਦਾ ਲੋੜਾਂ ਲਈ ਵਰਕਸ਼ਾਪ ਸਭ ਸਾਡੇ ਵਰਤਮਾਨ ਸਤਿਗੁਰੂ ਜੀ ਦੇ ਸਮੇਂ ਦੀ ਸਕਾਰਤਾ ਹੈ।

ਜਿਥੇ ਅਜ ਕਲ ਅਕੇਡਮੀ ਦੇ ਬੱਚਿਆਂ ਲਈ ਦੁੱਧ ਲੋੜਾਂ ਲਈ ਗਊਆਂ ਵੱਛੀਆਂ ਸੰਭਾਲੀਆਂ ਪਾਲੀਆਂ ਜਾਂਦੀਆਂ ਹਨ, ਏਥੇ ਹੀ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਨਾਮਧਾਰੀ ਵਿਦਿਆਲਾ ਦੀ ਵਡੀ ਬਿਲਡਿੰਗ ਸੀ।

ਅੱਜ ਸੰਤਾਂ ਦਾ ਸ਼ਹੀਦੀ ਬੁੰਗਾ ਵਰਨੀਆਂ ਸ਼ਹੀਦੀਆਂ ਕਰਨ ਕਰਵਾਣ ਦਾ ਪ੍ਰਮੁਖ ਸਥਾਨ



Namdhari Elibrary NamdhariElibrary@gmail.com

ਹੈ । ਜੋ ਜਾਣਦੇ ਹਨ ਉਹ ਸ਼ਹੀਦੀ ਦੇਗਾਂ ਦੀ ਅਰਦਾਸ ਸਮੇਂ ਇਸ ਸਿਮੱਤ ਵਲ ਕਾਹਲੇ ਕਾਹਲੇ ਕਦਮ ਪੁਟਦੇ ਹਨ ।

ਜੰਮੂਆਂ ਦੀ ਕਤਾਰ ਅਤੇ ਦੁਆਲੇ ਦੇ ਫਲੈਟਾਂ ਨੂੰ ਵੇਖ ਕੇ ਪੌਰਾਣਕ ਰਿਸ਼ੀ ਆਸਰਮ ਯਾਦ ਆ ਜਾਂਦੇ ਹਨ ।

## ਰਾਮ ਸਰੋਵਰ ਚੱਲੀਏ

ਰਾਮ ਸਰੋਵਰ ਦਾ ਜਲ ਧਰਤੀ ਵਿਚੋਂ ਹੀ ਆਉਂਦਾ ਹੈ ਅਤੇ ਇਹ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਦੀ ਘਾਲਣਾ ਦੁਆਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪਰਵਾਨ ਚੜ੍ਹਿਆ ਤੀਰਥ ਭੈਣੀ ਸਾਹਿਬ ਦੀ ਯਾਤਰਾ ਤੇ ਆਏ ਵਿਅਕਤੀਆਂ ਲਈ ਪਰਮਪੁਨੀਤ ਇਸ਼ਨਾਨ ਸਥਾਨ ਹੈ ।

ਭੈਣੀ ਸਾਹਿਬ ਦੀ ਉਸਾਰੀ ਵਿਚ, ਭਾਵੇਂ ਇਹ ਪ੍ਰਮੁਖ ਸਥਾਨ ਸੀ, ਪਰ ਸੰਗਤ ਦੀਆਂ ਸਹੂਲਤਾਂ ਨੂੰ ਪਹਿਲ ਦੇ ਕੇ ਇਸ ਦੀ ਨਵ-ਉਸਾਰੀ ਨੂੰ ਅਖੀਰਲੀ ਪੂਣੀ ਦੇ ਤੌਰ ਤੇ ਰਖਿਆ ਗਿਆ । ੧੯੯੦ ਦੇ ਸਾਲ ਤੋਂ ਇਸ ਵਲ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨੇ ਧਿਆਨ ਦਿਤਾ । ਦਿੱਲੀ ਦੇ ਪ੍ਰਸਿਧ ਆਰਕੀਟੈਕਟ ਸ: ਮੇਹਰਬਾਨ ਸਿੰਘ ਦੁਆਰਾ ਨਕਸ਼ਾ ਤਿਆਰ ਕਰਵਾ ਕੇ ਇਸ ਦੀ ਉਸਾਰੀ ੧੯੯੧ ਤੋਂ ਆਰੰਭ ਦਿਤੀ । ਇਹ ਸਰੋਵਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਤਜਵੀਜ਼ ਕੀਤੇ ਅਸ਼ਟ ਭੁਜੇ ਗੋਲ ਛੱਪਰ ਤੋਂ ਪ੍ਰੇਰਣਾ ਲੈ ਕੇ ਅੱਠ-ਕੋਨਾ ਹੀ ਉਸਾਰਿਆ ਜਾ ਰਿਹਾ ਹੈ, ਜਿਸ ਦੇ ਪਰਵਾਨ ਚੜ੍ਹਨ ਉਪਰੰਤ ਸਾਨੂੰ, ਇਸਤਰੀ ਪੁਰਸ਼ਾਂ ਨੂੰ, ਵਖ ਵਖ ਇਸ਼ਨਾਨ ਸਥਾਨ ਪ੍ਰਾਪਤ ਹੋਣਗੇ । ਪਹਿਲਾਂ ਵਿਸ਼ੇਸ਼ ਨਹਾਣ ਦਾ ਪ੍ਰਬੰਧ ਹੋਵੇਗਾ । ਏਥੋਂ ਦੇ ਹੋਰ ਉਸਰੇ ਕਮਰਿਆਂ ਵਿਚ ਨਾਮਧਾਰੀ ਪੰਥ ਦਾ ਚਿਤ੍ਰਿਤ ਇਤਿਹਾਸ ਵੀ ਗਿਆਨ ਵਰਧਨ ਲਈ ਮਿਲੇਗਾ । ਇਸਦੀ ਤਿਆਰੀ ਤਕ ਪੰਜ ਕਰੋੜ ਰੁਪਿਆ ਖਰਚ ਹੋਣ ਦਾ ਅਨੁਮਾਨ ਹੈ । ਸ੍ਰੀ ਮਾਤਾ ਜੀ ਵਰਤਮਾਨ ਠੇਕੇਦਾਰ ਸ: ਰਾਜਿੰਦਰ ਸਿੰਘ (ਜੋ ਕਿ ਸੇਵਾ ਰੂਪ ਹੀ ਹੈ) ਅਤੇ ਹੋਰ ਜ਼ਿੰਮੇਵਾਰਾਂ ਨਾਲ ਦਿਨ ਰਾਤ ਆਪ ਸੇਵਾ ਕਰਦੇ ਅਤੇ ਉਸਾਰੀ ਉਤੇ ਨਜ਼ਰ ਰਖਦੇ ਹਨ ।

ਜਿਸ ਦਿਨ ਇਹ ਸਰੋਵਰ ਮੁਕੰਮਲ ਹੋ ਗਿਆ । ਦੇਸ਼ ਦੇ ਹਰ ਕੋਨੇ ਵਿਚੋਂ ਦਰਸ਼ਕਾਂ ਦੀਆਂ ਗੱਡੀਆਂ ਆਇਆ ਕਰਨਗੀਆਂ ਅਤੇ ਪ੍ਰੇਮੀ ਅਤੇ ਸ਼ਰਧਾਲੂ ਜਨ ਰਾਮ ਸਰੋਵਰ ਦੇ ਸ਼ਨਾਨ ਤੋਂ ਫ਼ੈਜ਼ਯਾਬ ਹੋਇਆ ਕਰਨਗੇ ।

## ਪ੍ਰਬੰਧ ਮੁਖੀ

ਆਪਣਾ ਇਹ ਲੇਖ ਸਮਾਪਤ ਕਰਨ ਤੋਂ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖ ਪ੍ਰਬੰਧਕਾਂ ਦਾ ਜ਼ਿਕਰ ਵੀ ਕਰਨਾ ਚਾਹੁੰਦਾ ਹਾਂ ਤਾਕਿ ਜਿਨ੍ਹਾਂ ਵਿਅਕਤੀਆਂ ਨੇ ਕਦੇ ਦਿਨ ਰਾਤ ਇਸ ਪਾਵਨ ਨਗਰੀ ਦੀ ਸੇਵਾ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਈ ਉਨ੍ਹਾਂ ਨੂੰ ਵੀ ਨਮਸਕਾਰ ਹੋ ਸਕੇ । ਇਹ ਸਜਣ ਹਨ : ਸੰਤ ਹਜ਼ਾਰਾ ਸਿੰਘ (ਪਿੰਡ ਚੱਠਾ, ਜ਼ਿਲਾ ਲਾਹੌਰ) ਸ੍ਰੀ ਜੀਵਨ ਨਗਰ, (ਇਹਨਾਂ ਨੇ ਸੇਵਾ ਕਾਲ ਸਮੇਂ ੯ ਸਾਲ ਦੀ ਜੇਲ ਯਾਤਨਾ ਵੀ ਸਹੀ) ਸੰਤ ਉਜਾਗਰ ਸਿੰਘ ਫ਼ਰੀਦਕੋਟ (ਜ਼ਿਲਾ ਬਠਿੰਡਾ), ਸੰਤ ਸਵਰਨ ਸਿੰਘ ਭੱਲ (ਜ਼ਿਲਾ ਸੰਗਰੂਰ), ਸੂਬਾ ਉਦੇ ਸਿੰਘ ਜੀ ਚੂੰਨੀ, (ਜ਼ਿਲਾ ਅੰਬਾਲਾ) । ਅੱਜ ਕਲ ਇਹ ਸੇਵਾ ਸੂਬਾ ਅਵਤਾਰ ਸਿੰਘ ਜੀ, ਪਿੰਡ ਢਿੱਲਵਾਂ ਜ਼ਿਲਾ ਸੰਗਰੂਰ ਨਿਬਾਹ ਰਹੇ ਹਨ ।

## ਅਕਾਲ ਬੁੰਗਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ 'ਅਕਾਲ ਬੁੰਗੇ' ਵਲ ਵਿਸ਼ੇਸ਼ ਧਿਆਨ



Namdhari Elibrary NamdhariElibrary@gmail.com

ਦਿਤਾ ਗਿਆ ਹੈ। ਪਿੱਛੋਂ ਹਟਵਾ, ਦੱਖਣ ਦਿਸ਼ਾ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਤਪ ਸਥਾਨ ਹੋਣ ਤੋਂ ਇਲਾਵਾ ਅਕਾਲ ਬੁੰਗਾ ਸ੍ਰੀ ਭੈਣੀ ਸਾਹਿਬ, ਉਹਨਾਂ ਸ਼ਹੀਦ ਸਿੰਘਾਂ ਨਾਲ ਵੀ ਵਾਬਸਤਾ ਹੈ ਜੋ ਮਲੇਰ ਕੋਟਲੇ ਦੇ ਰਕਬੇ ਵਿਚ ਦੇਸੀ ਰਿਆਸਤਾਂ ਦੀਆਂ ਤੋਪਾਂ ਨਾਲ ਅੰਗਰੇਜ਼ੀ ਸ਼ਾਸਨ ਦੇ ਜ਼ਿਲਾ ਲੁਧਿਆਣੇ ਦੇ ਪ੍ਰਮੁਖ ਅਧਿਕਾਰੀ (ਡੀ ਸੀ.) ਮਿ: ਕਾਵਨ ਦੀ ਲਾਕਾਨੂੰਨੀ ਨਾਲ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ। ਆਪਣੇ ਮਨੋਰਥ ਦੀ ਸਿਧੀ ਲਈ ਇਹ ਏਥੋਂ ਹੀ ਅਰਦਾਸ ਕਰਕੇ ਤੁਰੇ ਸਨ। ਇਸ ਸਥਾਨ ਨੂੰ ਸੱਚੇ ਪਾਤਸ਼ਾਹ ਜੀ ਨੇ ਜਿਉਂ ਕਾ ਤਿਉਂ ਰਖਦਿਆਂ ਉਪਯੁਕਤ ਚੁਗਿਰਦਾ ਦੇ ਕੇ ਤੀਰਥ ਯਾਤਰੀਆਂ ਲਈ ਆਕਰਸ਼ਕ ਅਤੇ ਸੁਰੱਖਿਅਕ ਵੀ ਬਣਾ ਦਿਤਾ ਹੈ। ਛੇਤੀ ਹੀ ਇਸ ਦੁਆਲੇ ਸੁੰਦਰ ਪਾਰਕ ਸ਼ਕਲ ਗ੍ਰਹਿਣ ਕਰ ਲਵੇਗਾ, ਜਿਸ ਵਿਚ ਸੰਮੋਹਕ ਪੁਸ਼ਪ, ਜਿਥੇ ਦਰਸ਼ਨਾਰਥੀਆਂ ਦਾ ਸੁਆਗਤ ਕੀਤਾ ਕਰਨਗੇ, ਉਥੇ ਇਤਿਹਾਸਕ ਤੱਥਾਂ ਨੂੰ ਵੀ ਝੂਮ ਝੂਮ ਸਿਰ ਝੁਕਾਂਦੇ ਰਿਹਾ ਕਰਨਗੇ।

### ਵਿਕਾਸ ਦੀਵਾਰ

ਸ੍ਰੀ ਭੈਣੀ ਸਾਹਿਬ ਦੇ ਵਿਕਾਸ ਅਤੇ ਨਵ-ਉਸਾਰੀ ਨਾਲ ਸੰਬੰਧਤ ਸ੍ਰੀ ਸਤਿਗੁਰੂ ਜੀ ਵਲੋਂ ਇਕ ਸੇਵਾ ਕਾਰਜ ਕਮੇਟੀ ਨਿਰਧਿਰਤ ਕੀਤੀ ਹੋਈ ਹੈ ਜਿਸ ਦਾ ਨਾਮ ਹੈ, 'ਭੈਣੀ ਸਾਹਿਬ ਵਿਕਾਸ ਸਮਿਤੀ।' ਇਸ ਸਮਿਤੀ ਦੇ ਜ਼ਿਮੇ ਹੈ ਹਰ ਪਰਕਾਰ ਦੀ ਉਸਾਰੀ ਵਿਚ ਅਗਵਾਈ, ਸਹਾਇਤਾ ਅਤੇ ਧਨ ਉਪਾਰਜਨਾ। ਇਸਦੇ ਪ੍ਰਧਾਨ ਤਾਂ ਹਨ ਪ੍ਰਸਿਧ ਸੇਵਕ ਸੰਤ ਹਰਭਜਨ ਸਿੰਘ ਠੇਕੇਦਾਰ ਔਰੰਗਾਬਾਦ ਅਤੇ ਹੋਰ ਸਾਥੀ ਹਨ : ਸੰਤ ਬਲਵੰਤ ਸਿੰਘ, ਸੰਤ ਮਹਿੰਦਰ ਸਿੰਘ ਬਾਲੀ ਨਗਰ ਦਿੱਲੀ।

ਇਹਨਾਂ ਸਜਣਾਂ ਨੇ ਵਰਤਮਾਨ ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਪਹਿਲ ਪਿਰਥਮੇ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਖੇਤਰ, ਸ੍ਰੀ ਰਾਮਦਾਸ ਪੁਰੇ ਨੂੰ, ੭ ਫੁਟ ਉੱਚੀ ਇਕ ਪੱਕੀ ਦੀਵਾਰ ਨਾਲ ਵਲਣ ਦਾ ਉਪਰਾਲਾ ਕੀਤਾ। ਅੱਜ ਇਸ ਖੇਤਰ ਵਿਚ ਇਹ ਦੀਵਾਰ ਦੂਰ ਤਕ ਬਣੀ ਹੋਈ ਹੈ, ਇਸ ਦਾ ਪਰਵੇਸ਼ ਦੁਆਰ ਭਾਵੇਂ ਪਹਿਲੇ ਮਾਰਗ ਤੇ ਹੀ ਹੈ ਜਿਥੋਂ ਕਾਰਾਂ, ਗੱਡੀਆਂ ਆਦਿ ਅੰਦਰ ਕੋਠੀ ਦੇ ਖੇਤਰ ਵਿਚ ਚੌਂਕ ਹੋ ਕ ਜਾਂਦੀਆਂ ਹਨ, ਪਰ ਅੱਗੋਂ ਤੋਂ ਕੋਠੀ ਨੂੰ ਰਸਤਾ ਲਹਿੰਦੇ ਪਾਸਿਉਂ ਹੋਵੇਗਾ ਅਤੇ ਸਾਰਾ ਹੀ ਰਾਮਦਾਸ ਪੁਰ ਇਕ ਪਰਕਾਰ ਨਾਲ ਕਿਲੇ ਦੀ ਸ਼ਕਲ ਦਾ, ਅਰਥਾਤ ਇਕੋ ਪਰਵੇਸ਼ ਮਾਰਗ ਵਾਲਾ ਹੋਵੇਗਾ।

### ਵਿਸ਼ੇਸ਼ ਧਿਆਨ ਯੋਗ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ, ਕੇਵਲ ਇਕ ਦਰਜਨ ਸਾਲਾਂ ਦੇ ਅੰਦਰ ਅੰਦਰ ਸ੍ਰੀ ਭੈਣੀ ਸਾਹਿਬ ਦਾ ਕਾਇਆ ਕਲਪ ਹੋ ਗਿਆ ਹੈ। ਜਿਥੇ ਕੱਚੀਆਂ ਇੱਟਾਂ ਅਤੇ ਕੱਚੀਆਂ ਉਸਾਰੀਆ ਨੂੰ ਇਕ ਦਮ ਛੁਟੀ ਕਰ ਦਿਤੀ ਹੈ ਉਥੇ ਕੱਚਿਆਂ ਦੀ ਥਾਂ ਪੱਕੇ ਅਤੇ ਨਵੇਂ ਬਣੇ ਭਵਨਾਂ ਨਾਲ ਕਮਰਿਆਂ ਦੀ ਕੁਲ ਗਿਣਤੀ ੪੦੦ ਤੋਂ ਵੱਧ ਹੋ ਗਈ ਹੈ। ਹੁਣ ਮਾਤਾ ਜੀ ਦੇ ਉਦਮ ਨਾਲ ੨੫ ਕਮਰੇ ਲੰਗਰ ਦੇ ਉੱਤਰੀ ਪਿਛਵਾੜੇ ਵਿਚ ਬਣੇ ਹਨ ਅਤੇ ਏਨੇ ਕੁ ਹੀ ਖਰਾਸ ਵਾਲੇ ਇਲਾਕੇ ਦੇ ਨੇੜੇ ਉਸਰ ਗਏ ਹਨ।

ਕਈ ਵਾਰ ਖਿਆਲ ਵਿਚ ਆਉਂਦਾ ਹੈ ਕਿ ਜੇ ਕਦੇ ਸਤਿਗੁਰੂ ਰਾਮ ਸਿੰਘ ਜੀ ਆਪਣੇ ਭੈਣੀ ਸਾਹਿਬ ਵਲ ਫੇਰਾ ਪਾ ਜਾਣ ਤਾਂ ਅਜੋਕੀ ਦੁਨੀਆਂ ਨਾਲ ਕਦਮ ਮਿਲਾਕੇ ਤੁਰਦੇ ਸ੍ਰੀ ਭੈਣੀ ਸਾਹਿਬ ਨੂੰ ਵੇਖ ਆਪਣੇ ਪੋਤਰੇ ਉਤਰਾਧਿਕਾਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਪੋਤ ਨੂੰਹ ਮਾਤਾ ਚੰਦ ਕੌਰ ਜੀ ਨੂੰ ਅਪਾਰ ਖੁਸ਼ੀਆਂ ਬਖਸ਼ਣ ਜਿਨ੍ਹਾਂ ਸਾਧ ਸੰਗਤ ਵਾਸਤੇ ਸਾਰੀ ਆਬਾਦੀ



Namdhari Elibrary NamdhariElibrary@gmail.com

ਪੂਰ ਸਹੂਲਤ ਬਣਾ ਦਿਤੀ ਹੈ ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਵਰਤਮਾਨ ਸਤਿਗੁਰੂ ਜੀ ਦੇ ਸੁਪਨਿਆਂ ਦੀ ਸਾਕਾਰਤਾ ਹੈ ਉਹਨਾਂ ਦੀ ਆਪਣੀ ਕਿਰਪਾ ਦੁਆਰਾ ਹੀ, ਸ੍ਰੀ ਮਹਿਲਾਂ, ਮਾਤਾ ਚੰਦ ਕੌਰ ਜੀ ਦੇ ਉੱਦਮ ਦੀ ਪ੍ਰਾਪਤੀ ਹੈ, ਅਤੇ ਨਾਲ ਹੀ ਸਮੁਚੇ ਨਾਮਧਾਰੀ ਜਗਤ ਦਾ ਅਜਿਹਾ ਸਮਰਪਣ ਅਤੇ ਸਹਿਯੋਗ ਦੀ ਤਸਵੀਰ ਹੈ ਕਿ ਲਖਾਂ ਕਰੋੜਾਂ ਦੀ ਇਹ ਉਸਾਰੀ ਬਿਨਾ ਕਿਸੇ ਦੇ ਨੀਂਹ ਪੱਥਰ-ਨਾਮ ਪੱਥਰ ਲਗਵਾਣ ਤੋਂ ਹੈ : ਇਸ ਉਸਾਰੀ ਵਿਚ ਉਨ੍ਹਾਂ ਲੱਖਾਂ ਨਾਮਧਾਰੀਆਂ ਦੀ ਕਿਰਤ ਕਮਾਈ ਹੈ ਜਿਨ੍ਹਾਂ ਸਭ ਕੁਛ ਗੁਰੂ ਚਰਨਾਂ ਤੋਂ ਕੁਰਬਾਨ ਕੀਤਾ ਹੋਇਆ ਹੈ ।

ਏਥੇ ਇਕ ਸੁਝਾਉ ਵੀ ਅਰਜ ਕਰਨ ਤੇ ਜੀ ਕਰਦਾ ਹੈ ਕਿ ਕੋਈ ਅਜਿਹੀ ਪ੍ਰਬੰਧ ਵਿਵਸਥਾ ਜ਼ਰੂਰ ਕੀਤੀ ਜਾਇ ਜੋ ਇਹ ਧਿਆਨ ਰਖੇ ਕਿ ਬਣੇ ਹੋਏ ਮਕਾਨਾਂ-ਸਥਾਨਾਂ ਵਿਚ ਕਿਤੇ ਪਾਣੀ ਦੇ ਰਿਸਾਉ ਨਾਲ ਨੁਕਸਾਨ ਤਾਂ ਨਹੀਂ ਹੋ ਰਿਹਾ, ਕੋਈ ਪਰੋੜੀਆਂ ਟੁਟਣ-ਹਾਰੀਆਂ ਤਾਂ ਨਹੀਂ ਹੋ ਗਈਆਂ, ਭਾਵ ਕਿ ਜਿਥੇ ਛੋਟੀ ਮੋਟੀ ਮੁਰੰਮਤ ਦੀ ਵੀ ਲੋੜ ਹੋਵੇ ਉਹ ਤਾਂ ਕੀਤੀ ਹੀ ਜਾਵੇ, ਮਕਾਨਾਂ ਨੂੰ ਰੰਗ ਰੋਗਨ ਨਾਲ ਵੀ ਵੇਖਣ ਯੋਗ ਬਣਾਈ ਰਖਿਆ ਜਾਵੇ ।

ਭੈਣੀ ਸਾਹਿਬ ਦੀਆਂ ਅਜੇ ਦੋ ਤਿੰਨ ਥਾਵਾਂ ਉਸਾਰੀ ਲਈ ਕ੍ਰਿਪਾ ਦ੍ਰਿਸ਼ਟੀ ਮੰਗਦੀਆਂ ਹਨ । ਇਕ ਤਾਂ ਖਰਾਸ ਅਤੇ ਇਸਦੇ ਨਾਲ ਦਾ ਸਾਰਾ ਸਥਾਨ ਪਲੈਨਿੰਗ ਨਾਲ ਉਸਾਰਨ ਯੋਗ ਹੈ । ਦੂਜੇ ਪੂਜ ਮਾਤਾ ਜੀਵਨ ਕੌਰ ਜੀ ਦਾ ਨਿਵਾਸ ਅਤੇ ਉਨ੍ਹਾਂ ਦੀ ਅਤੀ ਸਨਿਮਰ ਨੂੰਹ ਮਾਤਾ ਭੁਪਿੰਦਰ ਕੌਰ ਜੀ ਦਾ ਚੁਬਾਰਾ ਨਵੇਕਲੀ ਪਹੁੰਚ ਦੇ ਤਲਬਗਾਰ ਹਨ । ਤੀਸਰਾ ਸਥਾਨ ਸਾਧ ਸੰਗਤ ਨੂੰ ਨਿੱਤ ਰੜਕਦਾ ਕੱਚਾ ਤਾਲਾਬ ਸੀ । ਇਸ ਦੀ ਪੁਕਾਰ ਤਾਂ ਸੁਣੀ ਗਈ ਹੈ । ਇਸਨੂੰ ਬਾਕਾਇਦਾ ਨਕਸ਼ੇ ਬਣਵਾ ਕੇ ਉਸਾਰਿਆ ਜਾਣ ਲਗ ਪਿਆ ਹੈ । ਸਰੋਵਰ ਉਸਾਰੀ ਦੇ ਸੰਪੂਰਨ ਹੋਣ ਨਾਲ ਹੀ ਪੰਜਾਹ ਸਾਧੂਆਂ ਹਿਤ ਸੰਤ ਕੁਟੀਆਵਾਂ ਦਾ ਨਿਰਮਾਣ ਹੋ ਜਾਣ ਦੀ ਆਸ ਹੈ ।

### ਭਵਿਖ ਦੇ ਬਚਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਇਕ ਦਿਨ ਸਿਮ੍ਰਤੀ ਮੰਦਰ ਦੇ ਕੋਲੋਂ ਦੀ ਲੰਘਦਿਆਂ ਇਸ ਲੇਖਕ ਦੇ ਕੰਨੀਂ ਭਵਿਖ ਸੰਬੰਧੀ ਬੁਲੇਲ ਪਾਈ ਸੀ :.ਮੇਰਾ ਜੀ ਕਰਦਾ ਹੈ ਇਕ ਹੋਰ ਮੰਦਰ ਤਿੰਨ ਏਕੜ ਦੇ ਫੈਲਾਉ ਵਿਚ ਰੂਪਮਾਨ ਹੋਵੇ ਤਾਂ ਕਿ ਦੀਵਾਨ ਦੇ ਸਮੇਂ ਭੈਣੀ ਸਾਹਿਬ ਵਿਖੇ ਪਹੁੰਚੀ ਤਮਾਮ ਸੰਗਤ ਇਕੋ ਹਾਲ ਵਿਚ ਬੈਠ ਕੇ ਕਥਾ ਕੀਰਤਨ ਅਤੇ ਭਜਨ ਸਿਮਰਨ ਦਾ ਆਨੰਦ ਲੁਟ ਸਕੇ !

ਮੈਨੂੰ ਇਹਨਾਂ ਬਚਨਾਂ ਦੀ ਸੱਤਿਅਤਾ ਵਿਚ ਮੁਕੰਮਲ ਵਿਸ਼ਵਾਸ ਹੈ । ਸ੍ਰੀ ਸਤਿਗੁਰੂ ਜੀ ਉੱਚੀਆਂ ਤੋਂ ਉਚੇਰੀਆਂ ਸਿਖਰਾਂ ਵਲ ਨਜ਼ਰਾਂ ਰਖਣ ਵਾਲੇ ਹਨ । ਜਿੰਨਾ ਕੁਛ ਪਿਛਲੇ ੧੨-੧੩ ਸਾਲਾਂ ਵਿਚ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਾਸਤੇ ਕਰ ਦਿਤਾ ਹੈ, ਉਹਦੀ ਕੋਈ ਮਿਸਾਲ ਨਹੀਂ । ਆਪ ਜੀ ਦੀ ਸਮਰੱਥਾ, ਪਹੁੰਚ ਅਤੇ ਉਹਦੀ ਪਰਿਣਿਤੀ ਦਾ ਧਿਆਨ ਕਰਕੇ ਨਮਰ ਭਾਵ ਨਾਲ ਉਹਨਾਂ ਚਰਨਾਂ ਦੇ ਵਿਚ ਸਿਰ ਝੁਕ ਜਾਂਦਾ ਹੈ ।

ਅਕਾਲ ਪੁਰਖ ਦੀ ਕਿਰਪਾ ਹੋਵੇ ਅਸੀਂ ਸਦੀਓਂ ਵੱਧ ਸਮਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਤਿਤ ਪਾਵਨੀ ਦਰਸ਼ਨ ਕਰ ਅਤੇ ਮਹਾ ਪਵਿਤਰ ਚਰਨ ਪਰਸ ਸਕੀਏ !

ਪ੍ਰੀਤਮ ਸਿੰਘ ਕਵੀ
੧੭-੧੨-੧੯੯੧



Namdhari Elibrary NamdhariElibrary@gmail.com



ਗੋਲ ਮੰਦਰ

Namdhari Elibrary NamdhariElibrary@gmail com



ਤਪ ਅਸਥਾਨ ਸਤਿਗੁਰੂ ਪ੍ਰਤਾਪ ਸਿੰਘ ਜੀ

Namdhari Elibrary NamdhariElibrary@gmail.com



ਅਕਾਲ ਬੁੰਗਾ
ਅੰਦਰਲਾ ਦ੍ਰਿਸ਼—ਪੁਰਾਤਨ ਸਰੂਪ ਸੁਰੱਖਿਅਤ

Namdhari Elibrary NamdhariElibrary@gmail.com



ਅਖੰਡ ਵਰਨੀ

Namdhari Elibrary NamdhariElibrary@gmail.com



ਕ੍ਰਾਂਤੀ ਮੰਦਰ

Namdhari Elibrary NamdhariElibrary@gmail.com

ਹਰੀ ਮੰਦਰ



ਪ੍ਰਕਾਸ਼ਕ :

ਸਰਬਹਿੰਦ ਨਾਮਧਾਰੀ ਵਿਦਿਅਕ ਸਭਾ
ਸ੍ਰੀ ਭੈਣੀ ਸਾਹਿਬ

Namdhari Elibrary NamdhariElibrary@gmail.com